# ਸ਼੍ਰੇਣੀ ਦੱਸਵੀਂ
## ਸੰਗੀਤ ਤਬਲਾ
## (ਵਿਲੱਖਣ ਸਮਰੱਥਾ ਵਾਲੇ ਵਿਦਿਆਰਥੀ(MR))

| | |
|---|---|
| ਸਮਾਂ ਲਿਖਤੀ – 3 ਘੰਟੇ | ਲਿਖਤੀ :- 40 ਅੰਕ |
| ਪ੍ਰਯੋਗੀ 20 ਮਿੰਟ | ਪ੍ਰਯੋਗੀ :- 50 ਅੰਕ |
| (ਪ੍ਰਤੀ ਵਿਦਿਆਰਥੀ) | ਸੀ.ਸੀ.ਈ. :- 10 ਅੰਕ |
| | ਕੁੱਲ :- 100 ਅੰਕ |

### ਪ੍ਰਸ਼ਨ ਪੱਤਰ ਦੀ ਰੂਪ ਰੇਖਾ (ਲਿਖਤੀ)

ਪ੍ਰਸ਼ਨ ਪੱਤਰ ਵਿੱਚ ਕੁੱਲ 25 ਪ੍ਰਸ਼ਨ ਹੋਣਗੇ। ਪ੍ਰਸ਼ਨ ਪੱਤਰ ਪ੍ਰਸ਼ਨ ਬੈਂਕ ਵਿੱਚੋਂ ਹੀ ਸੈਟ ਕੀਤਾ ਜਾਵੇਗਾ।

ਭਾਗ–1 ਵਿੱਚ 1 ਤੋਂ 16 ਤੱਕ ਪ੍ਰਸ਼ਨ ਹੋਣਗੇ। ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹਨ। ਪੁੱਛੇ ਜਾਣ ਵਾਲੇ ਪ੍ਰਸ਼ਨ ਹੇਠ ਲਿਖੇ ਅਨੁਸਾਰ ਹਨ:–

| | | |
|---|---|---|
| ੳ. | ਵਸਤੂ ਨਿਸ਼ਠ ਪ੍ਰਸ਼ਨ ਇੱਕ ਸ਼ਬਦ ਜਾਂ ਇੱਕ ਲਾਈਨ ਵਿੱਚ ਉੱਤਰ) | 5×2=10 ਅੰਕ |
| ਅ. | ਖਾਲੀ ਥਾਵਾਂ | 3×1=3 ਅੰਕ |
| ੲ. | ਠੀਕ/ਗਲਤ | 3×1=3 ਅੰਕ |
| ਸ. | ਬਹੁ–ਭਾਂਤੀ | 3×1=3 ਅੰਕ |
| ਹ. | ਸਹੀ ਮਿਲਾਣ | 2×2=4 ਅੰਕ |
| | | **ਕੁੱਲ = 23 ਅੰਕ** |

ਭਾਗ–II ਵਿੱਚ 17 ਤੋਂ 21, 3–3 ਅੰਕਾਂ ਵਾਲੇ ਛੋਟੇ ਪ੍ਰਸ਼ਨ ਹੋਣਗੇ ਜਿਨ੍ਹਾਂ ਦਾ ਉੱਤਰ ਇੱਕ ਤੋਂ ਦੋ ਵਾਕਾਂ ਵਿੱਚ ਹੋਣਾ ਚਾਹੀਦਾ ਹੈ। ਇਨ੍ਹਾਂ 5 ਪ੍ਰਸ਼ਨਾਂ ਵਿੱਚ ਕੋਈ 3 ਪ੍ਰਸ਼ਨ ਕਰਨੇ ਲਾਜ਼ਮੀ ਹਨ। 3×3=9 ਅੰਕ

ਭਾਗ–III ਵਿੱਚ 22 ਤੋਂ 25, ਤੱਕ 4–4 ਅੰਕਾਂ ਵਾਲੇ ਵੱਡੇ ਪ੍ਰਸ਼ਨ ਹੋਣਗੇ ਜਿਨ੍ਹਾਂ ਦਾ ਉੱਤਰ ਪੰਜ ਤੋਂ ਅੱਠ ਲਾਈਨਾਂ ਵਿੱਚ ਦੇਣਾ ਲਾਜ਼ਮੀ ਹੈ। ਇਨ੍ਹਾਂ 4 ਪ੍ਰਸ਼ਨਾਂ ਵਿੱਚੋਂ ਕੋਈ 2 ਪ੍ਰਸ਼ਨ ਕਰਨੇ ਲਾਜ਼ਮੀ ਹਨ। 4×2=8 ਅੰਕ

## ਪ੍ਰਸ਼ਨ ਬੈਂਕ

### ਵਸਤੂਨਿਸ਼ਠ ਪ੍ਰਸ਼ਨ (ਇੱਕ ਸ਼ਬਦ ਤੋਂ ਇੱਕ ਲਾਈਨ ਵਾਲਾ)

ਪ੍.1: ਸਮ ਦੀ ਕੀ ਨਿਸ਼ਾਨੀ ਹੁੰਦੀ ਹੈ?

ਉ: × ਗੁਣਾ ਦਾ ਚਿੰਨ

ਪ੍.2: ਸਮ ਕਿਹੜੀ ਮਾਤਰਾ ਤੇ ਹੁੰਦਾ ਹੈ?

ੳ: ਪਹਿਲੀ ਮਾਤਰਾ ਉੱਤੇ।

ਪ੍.3: ਉਠਾਣ ਕਿਸ ਸਾਜ ਵਿੱਚ ਵਰਤਿਆ ਜਾਂਦਾ ਹੈ?

ਉ: ਤਬਲੇ ਅਤੇ ਪਖਾਵਜ ਵਿੱਚ।

ਪ੍.4: ਨਗਮਾ ਕਿਸ ਭਾਸ਼ਾ ਦਾ ਸ਼ਬਦ ਹੈ?

ਉ: ਫ਼ਾਰਸੀ ਦਾ।

ਪ੍.5: ਨਗਮੇ ਨੂੰ ਹੋਰ ਕੀ ਕਿਹਾ ਜਾਂਦਾ ਹੈ?

ਉ: ਧੁੰਨ।

ਪ੍.6: ਨਗਮੇਂ ਦੇ ਬਰਾਬਰ ਦਾ ਸ਼ਬਦ ਕਿਹੜਾ ਹੈ?

ਉ: ਲਹਿਰਾ

ਪ੍.7: ਨਗਮੇ ਦੀ ਵਰਤੋਂ ਹੋਰ ਕਿੱਥੇ ਕੀਤੀ ਜਾਂਦੀ ਹੈ?

ਉ: ਨ੍ਰਿੱਤ ਵਿੱਚ।

ਪ੍.8: ਨਗਮਾ ਕਿੰਨੇ ਆਵਰਤਨ ਦਾ ਹੁੰਦਾ ਹੈ?

ਉ: ਇੱਕ ਆਵਰਤਨ।

ਪ੍.9: ਉਠਾਣ ਦਾ ਕੀ ਅਰਥ ਹੈ?

ਉ: ਉੱਠਣਾ।

ਪ੍.10: ਉਠਾਣ ਕਿੰਨੇ ਆਵਰਤਨ ਦਾ ਹੁੰਦਾ ਹੈ?

ਉ: ਇੱਕ ਜਾਂ ਦੋ ਆਵਰਤਨ।

ਪ੍.11: ਉਠਾਣ ਕਿਹਨਾਂ ਬੋਲਾਂ ਵਿੱਚ ਵਜਾਈ ਜਾਂਦੀ ਹੈ?

ਉ: ਖੁੱਲੇ ਬੋਲਾਂ ਵਿੱਚ।

ਪ੍.12: ਉਠਾਣ ਕਿਸ ਵਾਦਨ ਵਿੱਚ ਵਜਾਈ ਜਾਂਦੀ ਹੈ?

ਉ: ਤਬਲੇ ਅਤੇ ਪਖਾਵਜ ਵਾਦਨ ਵਿੱਚ।

ਪ੍ਰ.13: ਉਠਾਣ ਕਿਸ ਲੈਅ ਵਿੱਚ ਵਜਾਈ ਜਾਂਦੀ ਹੈ?

ਉ: ਠਾਅ ਅਤੇ ਦੁੱਗਣ ਵਿੱਚ।

ਪ੍ਰ.14: ਉਠਾਣ ਕਿਵੇਂ ਖਤਮ ਕੀਤੀ ਜਾਂਦੀ ਹੈ?

ਉ: ਤਿਹਾਈ ਵਜਾ ਕੇ।

ਪ੍ਰ.15: ਉਠਾਣ ਨੂੰ ਹੋਰ ਕੀ ਦਕਹਾ ਜਾਂਦਾ ਹੈ?

ਉ: ਪਰਨ।

ਪ੍ਰ.16: ਉਠਾਣ ਕਦੋਂ ਵਜਾਈ ਜਾਂਦੀ ਹੈ?

ਉ: ਠੇਕੇ ਤੋਂ ਪਹਿਲਾ।

ਪ੍ਰ.17: ਸਮ ਤਾਲ ਦਾ ਕਿਹੜਾ ਅੰਗ ਹੈ?

ਉ: ਮੁੱਖ ਅੰਗ।

ਪ੍ਰ.18: ਵਾਦਨ ਦੀ ਸਮਾਪਤੀ ਕਿੱਥੇ ਹੁੰਦੀ ਹੈ?

ਉ: ਸਮ ਤੇ।

ਪ੍ਰ.19: ਵਾਦਨ ਕਿੱਥੋਂ ਸ਼ੁਰੂ ਹੁੰਦਾ ਹੈ?

ਉ: ਸਮ ਤੋਂ।

ਪ੍ਰ.20: ਸਮ ਦਾ ਦੂਜਾ ਨਾਮ ਕੀ ਹੈ?

ਉ: ਗੁਰ।

ਪ੍ਰ.21: ਸਮ ਦੇ ਕਿਹੜੇ-ਕਿਹੜੇ ਬੋਲ ਹੁੰਦੇ ਹਨ?

ਉ: ਧਾ ਜਾਂ ਧਿੰ।

ਪ੍ਰ.22: ਸਮ ਕਿੰਨੇ ਪ੍ਰਕਾਰ ਦਾ ਹੁੰਦਾ ਹੈ?

ਉ: 4 ਪ੍ਰਕਾਰ।

ਪ੍ਰ.23: ਕਾਇਦਾ ਕਿੰਨੇ ਆਵਰਤਨ ਦਾ ਹੁੰਦਾ ਹੈ?

ਉ: ਇੱਕ ਜਾਂ ਦੋ।

ਪ੍ਰ.24: ਇੱਕ ਆਵਰਤਨ ਕਿੱਥੋਂ ਤੱਕ ਹੁੰਦਾ ਹੈ?

ਉ: ਸਮ ਤੋਂ ਸਮ ਤੱਕ।

ਪ੍ਰ.25: ਕਾਇਦੇ ਦੀ ਰਚਨਾ ਕਿਸ ਅਨੁਸਾਰ ਕੀਤੀ ਜਾਂਦੀ ਹੈ?

ਉ: ਵਿਭਾਗਾਂ ਅਨੁਸਾਰ।

ਪ੍ਰ.26: ਕਾਇਦਾ ਕਿਹੜੀ-ਕਿਹੜੀ ਲੈਆਂ ਵਿੱਚ ਵਜਾਇਆ ਜਾਂਦਾ ਹੈ?

ਉ: ਠਾਅ ਤੋਂ ਚੌਗੁਨ ਤੱਕ।

ਪ੍ਰ.27: ਕਾਇਦੇ ਦੇ ਬੋਲ ਕਿੰਨੀਆਂ-ਕਿੰਨੀਆਂ ਮਾਤਰਾਵਾਂ ਦੇ ਹੁੰਦੇ ਹਨ?

ਉ: 4, 8, 16।

ਪ੍ਰ.28: ਕਾਇਦਾ ਕਿਰਨਾਂ ਬੋਲਾਂ ਵਿੱਚ ਹੁੰਦਾ ਹੈ?

ਉ: ਸ਼ੁੱਧ ਬੋਲਾਂ ਵਿੱਚ।

ਪ੍ਰ.29: ਸਮ ਦੇ ਕਿੰਨੇ ਭਾਗ ਮੰਨੇ ਜਾਂਦੇ ਹਨ?

ਉ: ਤਿੰਨ।

ਪ੍ਰ.30: ਪਲਟੇ ਦਾ ਕੀ ਅਰਥ ਹੈ?

ਉ: ਉਲਟਾ

ਪ੍ਰ.31: ਪਲਟਾ ਕਿਸ ਨੂੰ ਕਹਿੰਦੇ ਹਨ?

ਉ: ਕਾਇਦੇ ਦੇ ਉਲਟੇ ਬੋਲਾਂ ਨੂੰ ਪਲਟਾ ਕਹਿੰਦੇ ਹਨ।

ਪ੍ਰ.32: ਕੀ ਪਲਟੇ ਦੇ ਪ੍ਰਕਾਰ ਹੁੰਦੇ ਹਨ?

ਉ: ਹਾਂ।

ਪ੍ਰ.33: ਤਬਲੇ ਦੇ ਕਿੰਨੇ ਭਾਗ ਹੁੰਦੇ ਹਨ?

ਉ: ਦੋ

ਪ੍ਰ.34: ਤਬਲਾ ਕਿਸ ਚੀਜ ਦੀ ਵਰਤੋਂ ਕਰਕੇ ਕੱਸਿਆ ਜਾ ਢਿੱਲਾ ਕੀਤਾ ਜਾਂਦਾ ਹੈ?

ਉ: ਹਥੌੜੀ ਨਾਲ।

ਪ੍ਰ.35: ਤਬਲਾ ਤੋਂ ਸਾਨੂੰ ਕੀ ਪ੍ਰਾਪਤ ਹੁੰਦਾ ਹੈ?

ਉ: ਤਾਲ।

ਪ੍ਰ.36: ਤਬਲਾ ਕਿਹੜਾ ਵਾਦਿਆ ਹੈ?

ਉ: ਅਵਨੱਦ ਵਾਦਿਆ।

ਪ੍ਰ.37: ਤਬਲੇ ਦੇ ਦੋ ਭਾਗਾਂ ਦੇ ਨਾਮ ਦੱਸੋ?

ਉ: ਸੱਜਾ ਅਤੇ ਖੱਬਾ।

ਪ੍ਰ.38: ਤਬਲੇ ਨੂੰ ਹੋਰ ਕਿਸ ਨਾਮ ਨਾਲ ਵੀ ਜਾਣਿਆ ਜਾਂਦਾ ਹੈ?

ਉ: ਜੋੜੀ

ਪ੍ਰ.39: ਸੱਜਾ ਤੱਬਲਾ ਕਿਸ ਚੀਜ ਦਾ ਬਣਿਆ ਹੁੰਦਾ ਹੈ?

ਉ: ਲੱਕੜ ਦਾ।

ਪ੍ਰ.40: ਖੱਬਾ ਤੱਬਲਾ ਕਿਸ ਚੀਜ ਦਾ ਬਣਿਆ ਹੁੰਦਾ ਹੈ?

ਉ: ਮਿੱਟੀ ਜਾਂ ਧਾਤੂ ਦਾ।

ਪ੍ਰ.41: ਤੱਬਲਾ ਕਿਸ ਸਮੇਂ ਪ੍ਰਚਾਰ ਵਿੱਚ ਆਇਆ?

ਉ: 18 ਵੀਂ ਸਦੀ।

ਪ੍ਰ.42: ਤਬਲਾ ਵਾਦਨ ਨੂੰ ਕੀ ਕਹਿੰਦੇ ਹਨ?

ਉ: ਸ਼ੋਲੋ।

ਪ੍ਰ.43: ਤਬਲਾ ਕਿਹੜੀ-ਕਿਹੜੀ ਸੁਰ ਨਾਲ ਮਿਲਾਇਆ ਜਾਂਦਾ ਹੈ?

ਉ: ਸ, ਪ, ਮ।

ਪ੍ਰ.44: ਪੁੜੇ ਨੂੰ ਕੋਸਣ ਲਈ ਕਿਸ ਦੀ ਵਰਤੋਂ ਕੀਤੀ ਜਾਂਦੀ ਹੈ?

ਉ: ਗੱਟੇ।

ਪ੍ਰ.45: ਪੁੜੇ ਦੇ ਕਿੰਨੇ ਘਰ ਹੁੰਦੇ ਹਨ?

ਉ: 16

ਪ੍ਰ.46: ਛੋਟੇ ਮੂੰਹ ਵਾਲਾ ਪੁੜਾ ਕਿਸ ਸੁਰ ਤੱਕ ਮਿਲਾਇਆ ਜਾਂਦਾ ਹੈ?

ਉ: [illegible]

ਪ।

ੜੇ ਮੂੰਹ ਵਾਲਾ ਪੁੜਾ ਕਿਸ ਸੁਰ ਤੱਕ ਮਿਲਾਉਂਦੇ ਹਨ?

ਵਾ।

ਬਲਾ ਕਿਸ ਨਾਲ ਸੁਰ ਕੀਤਾ ਜਾਂਦਾ ਹੈ?

ਥੜੀ ਨਾਲ।

ਟੂ ਕਿਸ ਨੂੰ ਕਹਿੰਦੇ ਹਨ?

ਬਾ ਤਬਲਾ।

ਆਹੀ ਦੀ ਵਰਤੋਂ ਕਿੱਥੇ ਹੁੰਦੀ ਹੈ?

ੜੇ ਵਿਚਕਾਰ।

ਟੀ ਨੂੰ ਕੀ ਕਹਿੰਦੇ ਹਨ?

ਨਾਰ।



ਪ੍ਰ.47: ਚ

ਉ: ਨ

ਪ੍ਰ.48: ਤ

ਉ: ਹ

ਪ੍ਰ.49: ਚ

ਉ: ਖ

ਪ੍ਰ.50: ਕਿ

ਉ: ਪ

ਪ੍ਰ.51: ਚ

ਉ: ਕਿ

ਪ੍ਰ.52: ਗਜਰਾ ਕਿਸ ਦਾ ਬਣਿਆ ਹੁੰਦਾ ਹੈ?

ਉ: ਚਮੜੇ ਦਾ।

ਪ੍ਰ.53: ਗਜਰੇ ਵਿੱਚ ਕਿੰਨੇ ਸ਼ੇਕ ਹੁੰਦੇ ਹਨ?

ਉ: 16

ਪ੍ਰ.54: ਬੱਧਰੀ ਕਿਸ ਦੀ ਬਣੀ ਹੁੰਦੀ ਹੈ?

ਉ: ਚਮੜੇ ਦੀ।

ਪ੍ਰ.55: ਗੁੜਰੀ ਕਿੱਥੇ ਹੁੰਦੀ ਹੈ?

ਉ: ਹੇਠਾ।

ਪ੍ਰ.56: ਤਬਲੇ ਦੇ ਕੁੱਲ ਕਿੰਨੇ ਤਾਲ ਹਨ?

ਉ: ਅਨੇਕਾਂ।

ਪ੍ਰ. 57: ਤਬ ਲਾ ਮਿਲਾਉਣ ਦੀ ਵਿਧੀ ਨੂੰ ਕੀ ਕਹਿੰਦੇ ਹਨ?

ਉ. ਸੁਰ ਕਰਨਾ।

ਪ੍ਰ.58 : ਕੀ ਪਖਾਵਜ ਭਾਰਤੀ ਸਾਜ ਹੈ?

ਉ. ਹਾਂ

ਪ੍ਰ.59 : ਪਖਾਵਜ ਕਿਸ ਦੀ ਸਕਲ ਦਾ ਹੁੰਦਾ ਹੈ?

ਉ. ਢੋਲਕ

ਪ੍ਰ.60 : ਕੀ ਪਖਾਵਜ ਧਰੁਪਦ-ਧੁਮਾਰ ਨਾਲ ਵਜਾਇਆ ਜਾਂਦਾ ਹੈ?

ਉ. ਹਾਂਜੀ।

ਪ੍ਰ.61 : ਪਖਾਵਜ ਦੀ ਅਵਾਜ ਕਿਸ ਤਰ੍ਹਾਂ ਦੀ ਹੁੰਦੀ ਹੈ?

ਉ. ਗੰਭੀਰ।

ਪ੍ਰ.62 : ਪਖਾਵਜ ਕਿਸ ਚੀਜ ਤੋਂ ਬਣੀ ਹੁੰਦੀ ਹੈ?

ਉ. ਲੱਕੜ ਤੋਂ

ਪ੍ਰ.63 : ਪਖਾਵਜ ਦੇ ਕਿੰਨੇ ਹਿੱਸੇ ਹੁੰਦੇ ਹਨ?

ਉ. ਦੋ

ਪ੍ਰ.64 : ਪਖਾਵਜ ਦਾ ਖੱਬਾ ਪਾਸਾ ਕਿਸ ਤਰ੍ਹਾਂ ਦਾ ਹੁੰਦਾ ਹੈ?

ਉ. ਚੌੜਾ ਜਾਂ ਵੱਡਾ

ਪ੍ਰ.65 : ਪਖਾਵਜ ਦਾ ਸੱਜਾ ਪਾਸਾ ਕਿਸ ਤਰ੍ਹਾਂ ਦਾ ਹੁੰਦਾ ਹੈ?

ਉ. ਛੋਟਾ

ਪ੍ਰ.66 : ਪਖਾਵਜ ਦੇ ਦੋਨਾਂ ਭਾਗਾਂ ਉੱਤੇ ਕੀ ਮੜਿਆ ਹੁੰਦਾ ਹੈ?

ਉ. ਚਮੜੇ ਦੇ ਪੁੜੇ।

ਪ੍ਰ.67 : ਕੀ ਰੁਦਰ ਵੀਣਾ ਅਤੇ ਸਰੋਦ ਨਾਲ ਪਖਾਵਜ ਦੀ ਸੰਗਤ ਹੁੰਦੀ ਹੈ?

ਉ. ਹਾਂ

ਪ੍ਰ.68 : ਪਖਾਵਜ ਦੇ ਸੱਜੇ ਪਾਸੇ ਤੇ ਕੀ ਮੜਿਆ ਹੁੰਦਾ ਹੈ?

ਉ. ਪੁੜਾ

ਪ੍ਰ.69 : ਸੱਜੇ ਪੂੜੇ ਉੱਤੇ ਕੀ ਲੱਗਿਆ ਹੁੰਦਾ ਹੈ?

ਉ. ਸਿਆਹੀ

ਪ੍ਰ.70 : ਗੱਟੇ ਕਿਸ ਤੋਂ ਬਣੇ ਹੁੰਦੇ ਹਨ?

ਉ. ਲੱਕੜ ਤੋਂ

ਪ੍ਰ.71 : ਪੁੜਾ ਕਿਸ ਨਾਲ ਕੱਸਿਆ ਜਾਂਦਾ ਹੈ?

ਉ. ਗੱਟਿਆਂ ਨਾਲ

ਪ੍ਰ.72 : ਖੱਬੇ ਤਬਲੇ ਨੂੰ ਕੀ ਕਹਿੰਦੇ ਹਨ?

ਉ. ਡੁੱਗੀ ਜਾਂ ਡੱਗਾ

ਪ੍ਰ.73 : ਤਬਲੇ ਕਿਸ ਤੇ ਰੱਖਿਆ ਜਾਂਦਾ ਹੈ?

ਉ. ਬਿੰਨੂ ਤੇ।

ਪ੍ਰ.74 : ਹਥੌੜੀ ਕਿਸ ਦੀ ਬਣੀ ਹੁੰਦੀ ਹੈ?

ਉ. ਲੋਹਾ, ਪਿੱਤਲ

ਪ੍ਰ. 75 : ਤਬਲਾ ਕਿਉਂ ਫੱਟਦਾ ਹੈ?

ਉ.	ਬਹੁਤ ਕੱਸਣ ਤੇ।

ਪ੍ਰ.76 : ਡੁੱਗੀ ਧਾਮਾ ਜਾਂ ਪੁੜਾ ਕਿਸ ਜਾਨਵਰ ਦੀ ਖੱਲ ਦਾ ਬਣਿਆ ਹੁੰਦਾ ਹੈ?

ਉ.	ਬੱਕਰੇ ਦੀ।

ਪ੍ਰ.77 : ਬੱਧਰੀ ਕਿਸ ਦੀ ਬਣੀ ਹੁੰਦੀ ਹੈ?

ਉ.	ਚਮੜੇ ਤੋਂ।

ਪ੍ਰ.78 : ਤਬਲੇ ਦੇ ਕਿੰਨੇ ਵਰਣ ਮੰਨੇ ਜਾਂਦੇ ਹਨ?

ਉ.	ਦੱਸ।

ਪ੍ਰ.79 : ਤਬਲੇ ਦਾ ਪ੍ਰਚਾਰ ਪਹਿਲਾਂ ਕਿਥੋਂ ਸ਼ੁਰੂ ਹੋਇਆ?

ਉ.	ਦਿੱਲੀ ਤੋਂ

ਪ੍ਰ.80 : ਤਬਲੇ ਦਾ ਪਹਿਲੇ ਘਰਾਣੇ ਦਾ ਕੀ ਨਾਮ ਹੈ?

ਉ.	ਦਿੱਲੀ ਘਰਾਣਾ।

ਪ੍ਰ.81 : ਕੀ ਤਬਲੇ ਦੇ ਵੀ ਘਰਾਣੇ ਹੁੰਦੇ ਹਨ?

ਉ.	ਹਾਂ ਜੀ।

ਪ੍ਰ.82 : ਪੰਜਾਬ ਘਰਾਣੇ ਦਾ ਸੰਬੰਧ ਕਿਸ ਰਾਜ ਨਾਲ ਹੈ?

ਉ.	ਪੰਜਾਬ ਨਾਲ

ਪ੍ਰ.83 : ਕਿਸੇ ਇੱਕ ਤਬਲਾ ਉਸਤਾਦ ਦਾ ਨਾਮ ਦੱਸੋ?

ਉ.	ਜਾਕਿਰ ਹੁਸੈਨ।

ਪ੍ਰ.84 : ਸਿਆਹੀ ਕਿਸ ਰੰਗ ਦੀ ਹੁੰਦੀ ਹੈ?

ਉ.	ਕਾਲੀ।

ਪ੍ਰ.85 : ਪਖਾਵਜ ਨੂੰ ਕੱਸਣ ਲਈ ਵਿੱਚ ਕੀ ਪਾਈ ਜਾਂਦੀ ਹੈ?

ਉ.	ਬੱਧਰੀ।

ਪ੍ਰ.86 : ਬੱਧਰੀ ਕਿਸ ਦੀ ਬਣੀ ਹੁੰਦੀ ਹੈ?

ਉ.	ਚਮੜੇ ਤੋਂ

ਪ੍ਰ.87 : ਗਜਰੇ ਵਿੱਚ ਕੀ ਪਾਇਆ ਜਾਂਦਾ ਹੈ?

ਉ. ਗੱਟੇ

ਪ੍ਰ.88 : ਗੱਟੇ ਕਿਸ ਤੋਂ ਬਣੇ ਹੁੰਦੇ ਹਨ?

ਉ. ਲੱਕੜ ਤੋਂ।

ਪ੍ਰ.89 : ਕੀ ਗੱਟਿਆਂ ਦੀ ਸਹਾਇਤਾ ਨਾਲ ਪਖਾਵਜ ਕੱਸਿਆ ਤੇ ਢਿੱਲਾ ਕੀਤਾ ਜਾਂਦਾ ਹੈ?

ਉ. ਹਾਂ ਜੀ।

ਪ੍ਰ.90 : ਕੀ ਪਖਾਵਜ ਦਾ ਪ੍ਰਯੋਗ ਅੱਜ ਕੱਲ ਹੁੰਦਾ ਹੈ?

ਉ. ਹਾਂ ਜੀ

ਪ੍ਰ.91 : ਕਿਸ ਗਾਇਕੀ ਨਾਲ ਪਖਾਵਜ ਦਾ ਪ੍ਰਯੋਗ ਹੁੰਦਾ ਹੈ?

ਉ. ਧਰੁਪਦ, ਧੁਮਾਰ।

ਪ੍ਰ.92 : ਪਖਾਵਜ ਤੋਂ ਸਾਨੂੰ ਕੀ ਪ੍ਰਾਪਤ ਹੁੰਦਾ ਹੈ?

ਉ. ਤਾਲ।

ਪ੍ਰ.93 : ਅੱਜ ਕੱਲ੍ਹ ਸਭ ਤੋਂ ਜਿਆਦਾ ਕਿਸ ਸੰਗੀਤ ਵਿੱਚ ਪਖਾਵਜ ਦਾ ਪ੍ਰਯੋਗ ਹੁੰਦਾ ਹੈ?

ਉ. ਕਰਨਾਟਕੀ ਸੰਗੀਤ।

ਪ੍ਰ.94 : ਪਖਾਵਜ ਦੀ ਸੰਗਤ ਪੰਜਾਬ ਵਿੱਚ ਕਿਸ ਕਲਾ ਨਾਲ ਕੀਤੀ ਜਾਂਦੀ ਹੈ?

ਉ. ਕੀਰਤਨ ਨਾਲ

ਪ੍ਰ.95 : ਪਖਾਵਜ ਨੂੰ ਹੋਰ ਕਿਸ ਨਾਲ ਪੁਕਾਰਿਆ ਜਾਂਦਾ ਹੈ?

ਉ. ਮ੍ਰਿਦੰਗ।

ਪ੍ਰ.96 : ਪਖਾਵਜ ਕਿਹੜਾ ਸਾਜ ਹੈ?

ਉ. ਤਾਲ ਵਾਦਯ।

ਪ੍ਰ.97 : ਪਖਾਵਜ ਤੋਂ ਕਿਸ ਸਾਜ ਦੀ ਉਤਪੱਤੀ ਹੋਈ?

ਉ. ਤਬਲੇ ਦੀ।

ਪ੍ਰ.98 : ਪਖਾਵਜ ਵਜਾਉਣ ਵਾਲੇ ਨੂੰ ਕੀ ਕਿਹਾ ਜਾਂਦਾ ਹੈ?

ਉ. ਪਖਾਵਜ ਵਾਦਕ।

ਪ੍ਰ. 99: ਤਬਲਾ ਵਜਾਉਣ ਵਾਲੇ ਨੂੰ ਕੀ ਕਿਹਾ ਜਾਂਦਾ ਹੈ?

ਉ. ਤਬਲਾ ਵਾਦਕ

ਪ੍ਰ.100 : ਕਿਸੇ ਇੱਕ ਪ੍ਰਸਿੱਧ ਪਖਾਵਜ ਵਾਦਕ ਦਾ ਨਾਮ ਦੱਸੋ?

ਉ. ਪੰਡਤ ਮਦਨ ਮੋਹਨ।

ਪ੍ਰ.101 : ਪਖਾਵਜ ਨੂੰ ਕਿੱਥੇ ਮਿਲਾਇਆ ਜਾਂਦਾ ਹੈ?

ਉ. ਗਾਇਕ ਦੇ ਸ ਸਵਰ।

ਪ੍ਰ.102 : ਪਖਾਵਜ ਦੀ ਅਵਾਜ ਕਿਸ ਤਰ੍ਹਾਂ ਦੀ ਹੁੰਦੀ ਹੈ?

ਉ. ਬੁਲੰਦ।

ਪ੍ਰ.103 : ਤਬਲੇ ਦੀ ਅਵਾਜ ਕਿਸ ਤਰ੍ਹਾਂ ਦੀ ਹੁੰਦੀ ਹੈ?

ਉ. ਚੰਚਲ/ਮੁਲਾਇਮ

ਪ੍ਰ.104 : ਸਾਜ ਕਿਵੇਂ ਮਿਲਾਇਆ ਜਾਂਦਾ ਹੈ?

ਉ. ਜਿਸ ਸ ਤੋਂ ਗਾਵਾਂ ਹੁੰਦਾ ਹੈ।

ਪ੍ਰ.105 : ਅਤੀਤ ਕੀ ਹੁੰਦਾ ਹੈ? ?

ਉ. ਭੁਲੇਖੇ ਨਾਲ ਦੂਜੀ ਥਾਂ ਤੇ ਸਮ ਲਗਾਉਣਾ ਨੂੰ ਅਤੀਤ ਕਹਿੰਦੇ ਹਨ।

ਪ੍ਰ.106 : ਅਨਾਗਤ ਕਿਸ ਨੂੰ ਕਹਿੰਦੇ ਹਨ?

ਉ. ਸਮ ਤੋਂ ਪਹਿਲਾਂ ਭੁਲੇਖੇ ਨਾਲ ਸਮ ਸਮਝਣ ਨੂੰ ਅਨਾਗਤ ਕਹਿੰਦੇ ਹਨ।

ਪ੍ਰ.107 : ਵਿਸ਼ਮ ਕਿਸ ਨੂੰ ਕਹਿੰਦੇ ਹਨ?

ਉ. ਸਮ ਨੂੰ ਨਾ ਸਮਝ ਕੇ ਅੱਗੇ ਪਿੱਛੇ ਸਮ ਲਗਾਉਣ ਨੂੰ ਵਿਸਮ ਕਹਿੰਦੇ ਹਨ।

ਪ੍ਰ.108 : ਲੈਅ ਕਿੰਨੇ ਤਰ੍ਹਾਂ ਦੀ ਹੁੰਦੀ ਹੈ?

ਉ. ਤਿੰਨ।

ਪ੍ਰ.109 : ਸੰਗੀਤ ਵਿੱਚ ਸਭ ਤੋਂ ਜਿਆਦਾ ਕਿਸ ਦਾ ਮਹੱਤਵ ਹੈ?

ਉ. ਲੈਅ ਦਾ।

ਪ੍ਰ.110 : ਲੈਅ ਕਿਸ ਨੂੰ ਕਹਿੰਦੇ ਹਨ?

ਉ. ਸਮੇਂ ਦੀ ਬਰਾਬਰ ਚਾਲ ਨੂੰ।

ਪ੍ਰ.111 : ਕੀ ਲੈਅ ਤਿੰਨ ਤਰ੍ਹਾਂ ਦੀ ਹੁੰਦੀ ਹੈ?

ਉ. ਹਾਂ।

ਪ੍ਰ.112 : ਲੈਅ ਦਾ ਕੀ ਅਰਥ ਹੈ?

ਉ. ਗਤੀ ਜਾਂ ਚਾਲ।

ਪ੍ਰ.113 : ਸਾਰੇ ਸੰਗੀਤ ਦਾ ਆਧਾਰ ਕੀ ਹੈ?

ਉ. ਲੈਅ।

ਪ੍ਰ.114 : ਵਿਲੰਬਤ ਲੈਅ ਕੀ ਹੁੰਦੀ ਹੈ?

ਉ. ਬਹੁਤ ਹੌਲੀ ਤੇ ਧੀਮੀ ਚਾਲ।

ਪ੍ਰ.115 : ਵਿਲੰਬਤ ਲੈਅ ਵਿੱਚ ਕਿਹੜਾ ਗਾਇਨ ਹੁੰਦਾ ਹੈ?

ਉ. ਖਿਆਲ ਗਾਇਨ।

ਪ੍ਰ.116 : ਮੱਧ ਲੈਅ ਕੀ ਹੁੰਦੀ ਹੈ।

ਉ. ਬਿਲੰਬਤ ਤੋਂ ਦੁੱਗਣੀ ਚਾਲ ਨੂੰ ਮੱਧ ਲੈਅ ਹੁੰਦੀ ਹੈ।

ਪ੍ਰ.117 : ਮੱਧ ਲੈਅ ਵਿੱਚ ਕੀ ਗਾਇਨ ਹੁੰਦਾ ਹੈ?

ਉ. ਛੋਟਾ ਖਿਆਲ, ਠੁਮਗੀ।

ਪ੍ਰ.118 : ਵਿਲੰਬਤ ਲੈਅ ਨਾਲ ਕਿਹੜੀ ਤਾਲ ਵੱਜਦੀ ਹੈ?

ਉ. ਇੱਕਤਾਲ, ਝੱਪਤਾਲ।

ਪ੍ਰ.119 : ਪਖਾਵਜ ਦੇ ਬੋਲਾਂ ਨੂੰ ਕੀ ਕਹਿੰਦੇ ਹਨ?

ਉ. ਖੁੱਲੇ ਬੋਲ।

ਪ੍ਰ.120 : ਤਬਲੇ ਦੇ ਬੋਲਾਂ ਨੂੰ ਕੀ ਕਹਿੰਦੇ ਹਨ?

ਉ. ਬੰਦ ਬੋਲ।

ਪ੍ਰ.121 : ਮੱਧ ਲੈਅ ਨਾਲ ਕਿਹੜੇ ਤਾਲ ਵੱਜਦੇ ਹਨ?

ੳ. ਰੂਪਕ, ਝੱਪਤਾਲ।

ਪ੍ਰ.122 : ਦਰੁੱਤ ਲੈਅ ਕਿਸ ਨੂੰ ਕਹਿੰਦੇ ਹਨ?

ੳ. ਮੱਧ ਲੈਅ ਤੋਂ ਦੁੱਗਣੀ ਲੈਅ ਨੂੰ।

ਪ੍ਰ.123 : ਦਰੁੱਤ ਲੈਅ ਨੂੰ ਹੋਰ ਕੀ ਕਿਹਾ ਜਾਂਦਾ ਹੈ?

ੳ. ਤੇਜ ਲੈਅ।

ਪ੍ਰ.124 : ਦਰੁੱਤ ਲੈਅ ਨਾਲ ਕਿਹੜੇ ਤਾਲ ਵੱਜਦੇ ਹਨ?

ੳ. ਤਿਨਤਾਲ, ਇੱਕਤਾਲ।

ਪ੍ਰ.125 : ਦਰੁੱਤ ਲੈਅ ਵਿੱਚ ਕਿਹੜਾ ਗਾਇਨ ਕੀਤਾ ਜਾਂਦਾ ਹੈ?

ੳ. ਤਰਾਨਾ, ਛੋਟਾ ਖਿਆਲ।

ਪ੍ਰ.126 : ਮੱਧ ਲੈਅ ਵਿੱਚ ਹੋਰ ਕੀ-ਕੀ ਗਾਇਨ ਹੁੰਦਾ ਹੈ?

ੳ. ਸ਼ਬਦ, ਭਜਨ, ਗਜਲ, ਗੀਤ।

ਪ੍ਰ.127 : ਤਾਲ ਤੋਂ ਕੀ ਭਾਵ ਹੈ?

ੳ. ਕੁਝ ਨਿਸ਼ਚਿਤ ਮਾਤਰਾ ਦੇ ਬੋਲਾਂ ਨੂੰ ਤਾਲ ਕਹਿੰਦੇ ਹਨ।

ਪ੍ਰ.128 : ਤਾਲ ਕਿੰਨੇ ਪ੍ਰਕਾਰ ਦੇ ਹੁੰਦੇ ਹਨ?

ੳ. ਅਨੇਕਾਂ ਪ੍ਰਕਾਰ।

ਪ੍ਰ.129 : ਕਿਹੜੇ ਗਾਇਨ ਰੂਪਾਂ ਵਿੱਚ ਤਾਲ ਵਰਤਿਆ ਜਾਂਦਾ ਹੈ?

ੳ. ਗਾਇਨ, ਵਾਦਨ, ਨ੍ਰਿਤ।

ਪ੍ਰ.130 : ਨ੍ਰਿਤ ਨਾਲ ਕਿਹੜੇ ਤਾਲ ਸਾਜ ਵਰਤੇ ਜਾਂਦੇ ਹਨ?

ੳ. ਪਖਾਵਜ, ਤਬਲਾ।

ਪ੍ਰ.131 : ਕੀ ਤਾਲਾਂ ਦੀਆਂ ਅਲੱਗ-ਅਲੱਗ ਮਾਤਰਾਵਾਂ ਹੁੰਦੀਆਂ ਹਨ?

ੳ. ਹਾਂ ਜੀ।

ਪ੍ਰ.132 : ਤਾਲ ਤੋਂ ਕੀ ਭਾਵ ਹੈ?

ੳ. ਭਿੰਨ-ਭਿੰਨ ਮਾਤਰਾਵਾਂ ਦੇ ਸਮੂਹ ਨੂੰ ਤਾਲ ਕਹਿੰਦੇ ਹਨ।

ਪ੍ਰ.133 : ਕੀ ਤਾਲ ਅਤੇ ਗਾਇਕ ਆਪਸ ਵਿੱਚ ਗੂੜ੍ਹਾ ਸੰਬੰਧ ਹੈ?

ਉ. ਹਾਂ ਜੀ।

ਪ੍ਰ.134 : ਜਦੋਂ ਗਾਇਨ ਹੁੰਦਾ ਹੈ ਤਾਂ ਕਿਸ ਦਾ ਹੋਣਾ ਜਰੂਰੀ ਹੈ?

ਉ. ਤਾਲ ਦਾ।

ਪ੍ਰ.135 : ਤਾਲ ਦੀ ਉਤਪਤੀ ਕਿਥੋਂ ਮੰਨੀ ਜਾਂਦੀ ਹੈ?

ਉ. ਡਮਰੂ ਤੋਂ।

ਪ੍ਰ.136 : ਜੇ ਸੰਗੀਤ ਵਿੱਚੋਂ ਤਾਲ ਨੂੰ ਕੱਢ ਦਿਤਾ ਜਾਵੇ ਤਾਂ ਕੀ ਹੋਵੇਗਾ?

ਉ. ਗਾਇਨ ਸਿਫਰ ਹੋ ਜਾਵੇਗਾ।

ਪ੍ਰ.137 : ਗਾਇਨ ਦੀ ਸੋਭਾ ਕਿਸ ਨਾਲ ਹੈ?

ਉ. ਤਾਲ ਨਾਲ ।

ਪ੍ਰ.138 : ਤਾਲ ਦੀ ਪੁੱਤਰੀ ਕਿਸ ਨੂੰ ਮੰਨਦੇ ਹਨ?

ਉ. ਨ੍ਰਿਤ ਨੂੰ।

ਪ੍ਰ.139 : ਗਾਇਨ, ਵਾਦਨ ਅਤੇ ਨ੍ਰਿੱਤ ਦਾ ਅਧਾਰ ਕੀ ਹੈ?

ਉ. ਤਾਲ।

ਪ੍ਰ.140 : ਕੀ ਤਾਲ ਸੀਮਤ ਕਲਾ ਹੈ?

ਉ. ਨਹੀਂ, ਅਸੀਮਤ ਕਲਾ।

ਪ੍ਰ.141 : ਸੰਗੀਤ ਸਿੱਖਣ ਤੋਂ ਪਹਿਲਾਂ ਕਿਸ ਦਾ ਗਿਆਨ ਜਰੂਰੀ ਹੈ?

ਉ. ਤਾਲ ਦਾ।

ਪ੍ਰ.142 : ਸੰਗੀਤ ਕਲਾ ਨੂੰ ਕਿਹੜੀ ਕਲਾ ਮੰਨਿਆ ਜਾਂਦਾ ਹੈ?

ਉ. ਕੋਮਲ ਕਲਾ।

ਪ੍ਰ.143 : ਗਾਇਨ, ਵਾਦਨ ਅਤੇ ਨ੍ਰਿੱਤ ਦੇ ਸਮੇਂ ਨੂੰ ਕਿਸ ਦੁਆਰਾ ਮਾਪਿਆ ਜਾਂਦਾ ਹੈ?

ਉ. ਤਾਲ ਦੁਆਰਾ

ਪ੍ਰ.144 : ਕੀ ਤਾਲ ਸੰਗੀਤ ਦੀ ਬੁਨਿਆਦ ਹੈ?

ੳ.  ਹਾਂ ਜੀ।

ਪ੍ਰ.145 : ਗਾਇਨ ਦੀ ਵਿਸ਼ੇਸ਼ਤਾ ਕਿਸ ਉਤੇ ਨਿਰਭਰ ਕਰਦੀ ਹੈ?

ੳ.  ਤਾਲ ਤੇ।

ਪ੍ਰ.146 : ਤਾਲ ਦੇ ਕਿਹੜੇ-ਕਿਹੜੇ ਭਾਗ ਹੁੰਦੇ ਹਨ?

ੳ.  ਮਾਤਰਾ, ਤਾਲੀ, ਖਾਲੀ, ਵਿਭਾਗ।

ਪ੍ਰ.147 : ਤਾਲ ਵਿੱਚ ਸਮ ਦਾ ਕੀ ਨਿਸ਼ਾਨ ਹੈ?

ੳ.  ਗੁਣਾਂ ਦਾ ਚਿੰਨ (×)

ਪ੍ਰ.148 : ਤਾਲ ਵਿੱਚੋਂ ਖਾਲੀ ਦਾ ਕੀ ਨਿਸ਼ਾਨ ਹੈ?

ੳ.  0 (ਸਿਫਰ)।

ਪ੍ਰ.149 : ਤਾਲ ਵਿੱਚ ਬੋਲਾਂ ਦੀ ਵੰਡ ਨੂੰ ਕਿਸ ਨਾਲ ਦਰਸਾਇਆ ਜਾਂਦਾ ਹੈ?

ੳ.  ਵਿਭਾਗ ਦੁਆਰਾ।

ਪ੍ਰ.150 : ਤਾਲੀ ਨੂੰ ਹੋਰ ਕੀ ਕਿਹਾ ਜਾਂਦਾ ਹੈ?

ੳ.  ਭਰੀ।

ਪ੍ਰ.151 : ਕਿਸੇ ਦੋ ਤਾਲਾਂ ਦੇ ਨਾਮ ਦੱਸੋ?

ੳ.  ਇੱਕਤਾਲ, ਤਿੰਨਤਾਲ।

ਪ੍ਰ.152 :ਕੀ ਨ੍ਰਿੱਤ ਵਿੱਚ ਤਾਲ ਬੋਲਾਂ ਦੀ ਵਰਤੋਂ ਵੀ ਹੁੰਦੀ ਹੈ?

ੳ.  ਹਾਂ ਜੀ।

ਪ੍ਰ.153 : ਨ੍ਰਿੱਤ ਕਿਹੜੀ ਪ੍ਰਧਾਨ ਕਲਾ ਹੈ?

ੳ.  ਤਾਲ ਪ੍ਰਧਾਨ।

ਪ੍ਰ.154 : ਵਾਦਨ ਨਾਲ ਤਾਲ ਦਾ ਕੀ ਸਬੰਧ ਹੈ?

ੳ.  ਗੂੜਾ ਸਬੰਧ ਹੈ।

ਪ੍ਰ.155 : ਤਬਲਾ ਵਾਦਨ ਨਾਲ ਕੀ ਵਜਾਇਆ?

ੳ.  ਨਗਮਾ।

ਪ੍ਰ.156 : ਨ੍ਰਿੱਤ ਨਾਲ ਕਿਹੜੇ ਤਾਲ ਸਾਜ ਵਰਤੇ ਜਾਂਦੇ ਹਨ?

ੳ. ਪਖਾਵਜ ਜਾਂ ਤਬਲਾ।

ਪ੍ਰ.157 : ਗਾਇਨ, ਨ੍ਰਿੱਤ ਅਤੇ ਵਾਦਨ ਵਿੱਚੋਂ ਕਿਹੜੀ ਕਲਾ ਪ੍ਰਧਾਨ ਹੈ?

ੳ. ਗਾਇਨ।

ਪ੍ਰ.158 : ਭਾਰਤ ਵਿੱਚ ਕਿਹੜੇ ਸ਼ਾਸਤਰੀ ਨ੍ਰਿੱਤ ਹਨ?

ੳ. ਭਾਰਤ ਨਾਟਯਮ, ਕਥਕ, ਕਥਾਕਲੀ

ਪ੍ਰ.159 :ਕਿਸੇ ਇੱਕ ਮਸ਼ਹੂਰ ਨ੍ਰਿੱਤਕਾ ਦਾ ਨਾਮ ਲਿਖੋ?

ੳ. ਸੋਲਨ ਮਾਨ ਸਿੰਘ।

ਪ੍ਰ.160 : ਪੰਜਾਬ ਦੇ ਲੋਕ ਨਾਚਾਂ ਦੇ ਨਾਮ ਲਿਖੋ?

ੳ. ਗਿੱਧਾ, ਭੰਗੜਾ।

ਪ੍ਰ.161 : ਘੁੰਗਰੂ ਦਾ ਕਿਸ ਕਲਾ ਨਾਲ ਸਬੰਧ ਹੈ?

ੳ. ਨ੍ਰਿਤ।

ਪ੍ਰ.162 : ਨ੍ਰਿੱਤ ਵਿੱਚ ਘੁੰਗਰੂ ਕੀ ਕੰਮ ਕਰਦਾ ਹੈ?

ੳ. ਲੈਅ ਪੈਦਾ ਕਰਦਾ ਹੈ।

ਪ੍ਰ.163 : ਨ੍ਰਿੱਤ ਨਾਲ ਨਗਮਾ ਕਿਹੜੇ ਸਾਜ ਨਾਲ ਦਿੱਤਾ ਜਾਂਦਾ ਹੈ?

ੳ. ਸਰੰਗੀ ਜਾਂ ਹਰਮੋਨੀਅਨ।

ਪ੍ਰ.164 : ਵਾਦਨ ਕਿਨ੍ਹਾਂ ਸਾਜਾਂ ਨਾਲ ਮਸ਼ਹੂਰ ਹੈ?

ੳ. ਸਿਤਾਰ, ਸਰੰਗੀ, ਸਰੋਦ।

ਪ੍ਰ.165 : ਪ੍ਰਸਿੱਧ ਸਿਤਾਰ ਵਾਦਕ ਦਾ ਨਾਮ ਦੱਸੋ?

ੳ. ਪੰਡਤ ਰਵੀ ਸੰਕਰ।

ਪ੍ਰ.166 : ਪ੍ਰਸਿੱਧ ਸਰੋਦ ਵਾਦਕ ਦਾ ਨਾਮ ਦੱਸੋ?

ੳ. ਉਸਤਾਦ ਅਮਜਦ ਅਲੀ ਖਾਂ

ਪ੍ਰ.167 : ਤਿੰਨਤਾਲ ਦੀ ਕਿੰਨੀਆਂ ਮਾਤਰਾਵਾਂ ਹੁੰਦੀਆਂ ਹਨ?

ਉ. 16

ਪ੍ਰ.168 : ਤਿੰਨਤਾਲ ਵਿੱਚ ਕਿਹੜੀ ਮਾਤਰਾ ਖਾਲੀ ਹੈ?

ਉ. 9

ਪ੍ਰ.169 : ਤਿੰਨਤਾਲ ਤਾਲੀ ਕਿਹੜੀ-ਕਿਹੜੀ ਮਾਤਰਾ ਤੇ ਤਾਲੀ ਹੈ?

ਉ. 1, 5, 13

ਪ੍ਰ.170 : ਤਿੰਨਤਾਲ ਦੇ ਵਿਭਾਗ ਕਿੰਨੇ ਹਨ।

ਉ. 4

ਪ੍ਰ.171 : ਤਿੰਨਤਾਲ ਦਾ ਖਾਲੀ ਵਾਲਾ ਬੋਲ ਲਿਖੋ?

ਉ. ਧਾ

ਪ੍ਰ.172 : ਤਿੰਨਤਾਲ ਵਿੱਚ 13ਵੀ ਤਾਲੀ ਵਾਲਾ ਬੋਲ ਲਿਖੋ?

ਉ. ਤਾ

ਪ੍ਰ.173 : ਤਿੰਨਤਾਲ ਦੀ ਜਿਆਦਾਤਰ ਵਰਤੋਂ ਕਿਸ ਗਾਇਨ ਵਿੱਚ ਹੁੰਦੀ ਹੈ?

ਉ. ਛੋਟਾ ਖਿਆਲ

ਪ੍ਰ.174 : ਤਾਲਾਂ ਵਿਚੋਂ ਪ੍ਰਧਾਨ ਤਾਲ ਕਿਸ ਨੂੰ ਮੰਨਿਆ ਜਾਂਦਾ ਹੈ?

ਉ. ਤਿੰਨਤਾਲ ਨੂੰ

ਪ੍ਰ.175 : ਦਰੁੱਤ ਲੈਅ ਵਿੱਚ ਕਿਸ ਤਾਲ ਦੀ ਵਰਤੋਂ ਕੀਤੀ ਜਾਂਦੀ ਹੈ?

ਉ. ਤਿੰਨਤਾਲ ਦੀ

ਪ੍ਰ.176 : ਤਾਲ ਨੂੰ ਹੋਰ ਕਿਸ ਨਾਂ ਨਾਲ ਜਾਣਿਆ ਜਾਂਦਾ ਹੈ?

ਉ. ਠੇਕਾ

ਪ੍ਰ.177 : ਕੀ ਤਿੰਨਤਾਲ ਦੇ ਪ੍ਰਕਾਰ ਵੀ ਹਨ?

ਉ. ਹਾਂ

ਪ੍ਰ.178 : ਝੱਪਤਾਲ ਦੀਆਂ ਮਾਤਰਾਵਾਂ ਕਿੰਨੀਆਂ ਹਨ?

ਉ. 10

ਪ੍ਰ.179 : ਝੱਪਤਾਲ ਵਿੱਚ ਕਿੰਨੀਆਂ ਤਾਲੀਆਂ ਹਨ?

ਉ. ਤਿੰਨ

ਪ੍ਰ.180 : ਝੱਪਤਾਲ ਦੀਆਂ ਤਾਲੀਆਂ ਕਿਹੜੀ-ਕਿਹੜੀ ਮਾਤਰਾਵਾਂ ਤੇ ਹਨ?

ਉ. 1,3,8

ਪ੍ਰ.181 : ਝੱਪਤਾਲ ਦੀ ਖਾਲੀ ਕਿਹੜੀ ਮਾਤਰਾ ਹੈ?

ਉ. 6

ਪ੍ਰ.182 : ਖਾਲੀ ਮਾਤਰਾ ਝੱਪਤਾਲ ਦਾ ਬੋਲ ਦੱਸੋ?

ਉ. ਤਿੰਨ

ਪ੍ਰ.183 : ਝੱਪਤਾਲ ਵਿੱਚ ਤੀਜੀ ਤਾਲੀ ਕਿਹੜੀ ਮਾਤਰਾ ਤੇ ਹੈ?

ਉ. 8ਵੀਂ

ਪ੍ਰ.184 : ਝੱਪਤਾਲ ਦੇ ਵਿਭਾਗ ਕਿੰਨੇ ਹਨ?

ਉ. 4

ਪ੍ਰ.185 : ਝੱਪਤਾਲ ਦਾ ਅੱਧ ਕਿਹੜੀ ਮਾਤਰਾ ਤੇ ਹੁੰਦਾ ਹੈ?

ਉ. 5

ਪ੍ਰ.186 : ਝੱਪਤਾਲ ਦੇ ਵਿਭਾਗ ਕਿੰਨੀਆਂ-ਕਿੰਨੀਆਂ ਮਾਤਰਾ ਦੇ ਹਨ?

ਉ. 2, 3, 2, 3

ਪ੍ਰ.187 : ਝੱਪਤਾਲ ਕਿਹੜੀ-ਕਿਹੜੀ ਲੈਅ ਵਿੱਚ ਵਜਾਇਆ ਜਾਂਦਾ ਹੈ?

ਉ. ਵਿਲੰਵਤ, ਮੱਧ, ਦਰੁੱਤ

ਪ੍ਰ.188 : ਝੱਪਤਾਲ ਵਿੱਚ ਦੂਜੀ ਤਾਲੀ ਦਾ ਬੋਲ ਦੱਸੋ?

ਉ. ਧਿੰ

ਪ੍ਰ.189 : ਇੱਕਤਾਲ ਦੀਆਂ ਕਿੰਨੀਆਂ ਮਾਤਰਾਵਾਂ ਹੁੰਦੀਆਂ ਹਨ?

ਉ. 12

ਪ੍ਰ.190 : ਇੱਕ ਤਾਲ ਨੂੰ ਹੋਰ ਕਿਸ ਨਾਮ ਨਾਲ ਜਾਣਿਆ ਜਾਂਦਾ ਹੈ?

ੳ. ਯੱਕਾ

ਪ੍ਰ.191 : ਇੱਕਤਾਲ ਵਿੱਚ ਕਿੰਨੀਆਂ ਤਾਲੀਆਂ ਹਨ?

ੳ. 4

ਪ੍ਰ.192 : ਇੱਕ ਤਾਲ ਵਿੱਚ ਖਾਲੀ ਕਿੰਨੀਆਂ ਹਨ?

ੳ. ਦੋ

ਪ੍ਰ.193 : ਇੱਕ ਤਾਲ ਵਿੱਚ ਤਾਲੀਆਂ ਕਿਹੜੀ-ਕਿਹੜੀ ਮਾਤਰਾ ਤੇ ਹਨ?

ੳ. 1,5,9,11

ਪ੍ਰ.194 : ਇਕਤਾਲ ਵਿੱਚ ਖਾਲੀ ਕਿਹੜੀ-ਕਿਹੜੀ ਮਾਤਰਾ ਹੈ?

ੳ. 3, 7

ਪ੍ਰ.195 : ਇੱਕਤਾਲ ਵਿੱਚ ਖਾਲੀ ਦੇ ਕਿਹੜੇ-ਕਿਹੜੇ ਬੋਲ ਹਨ?

ੳ. ਧਾਗੇ, ਕ।

ਪ੍ਰ. 196: ਇੱਕਤਾਲ ਵਿੱਚ ਦੂਜੀ ਤਾਲ ਤੇ ਕਿਹੜਾ ਬੋਲ ਹੈ?

ੳ. ਤੂੰ

ਪ੍ਰ.197: ਆਮ ਤੌਰ ਤੇ ਇੱਕਤਾਲ ਕਿਸ ਲੈਅ ਲਈ ਮਸ਼ਹੂਰ ਹੈ?

ੳ. ਬਿਲੰਵਤ ਲੈਅ

ਪ੍ਰ.198 : ਇੱਕਤਾਲ ਕਿਸ ਗਾਇਨ ਨਾਲ ਜਿਆਦਾ ਵਜਾਇਆ ਜਾਂਦਾ ਹੈ?

ੳ. ਵੱਡੇ ਖਿਆਲ

ਪ੍ਰ.199 : ਕੀ ਇੱਕਤਾਲ ਨੂੰ ਦਰੁੱਤ ਲੈਅ ਵਿੱਚ ਵੀ ਵਜਾਇਆ ਜਾਂਦਾ ਹੈ?

ੳ. ਹਾਂ ਜੀ।

ਪ੍ਰ.200 : ਇੱਕਤਾਲ ਦੇ ਕਿੰਨੇ ਵਿਭਾਗ ਹੁੰਦੇ ਹਨ?

ੳ. 6

ਪ੍ਰ.201 : ਤਿੰਨਤਾਲ ਦੇ ਇੱਕੋ-ਇੱਕੋ ਵਿਭਾਗ ਵਿੱਚ ਕਿੰਨੇ ਬੋਲ ਹੁੰਦੇ ਹਨ?

ੳ. 2

ਪ੍ਰ.202 : ਇੱਕਤਾਲ ਦੇ ਬਰਾਬਰ ਮਾਤਰਾ ਵਾਲਾ ਕਿਹੜਾ ਤਾਲ ਹੈ?

ਉ. ਚਾਰਤਾਲ

ਪ੍ਰ.203 : ਇਕਤਾਲ ਦਾ ਪ੍ਰੀਚੈ ਕਿਸ ਤਾਲ ਨਾਲ ਮੇਲ ਖਾਂਦਾ ਹੈ?

ਉ. ਚਾਰਤਾਲ

ਪ੍ਰ.204 : ਉਸਤਾਦ ਬਹਾਦਰ ਸਿੰਘ ਦਾ ਜਨਮ ਕਦੋਂ ਹੋਇਆ?

ਉ. 1902 ਈ:।

ਪ੍ਰ.205 : ਉਸਤਾਦ ਬਹਾਦਰ ਸਿੰਘ ਦਾ ਜਨਮ ਕਿਥੇ ਹੋਇਆ?

ਉ. ਚੱਕ ਨੰ 109 (ਲਾਇਲਪੁਰ)।

ਪ੍ਰ.206 : ਲਾਇਲਪੁਰ (109) ਕਿਥੇ ਹੈ?

ਉ. ਪਾਕਿਸਤਾਨ

ਪ੍ਰ.207 : ਇਹਨਾਂ ਉਸਤਾਦ ਬਹਾਦਰ ਸਿੰਘ ਦੇ ਪਿਤਾ ਜੀ ਜਦੋਂ ਸਵਰਗ ਸਿਧਾਰੇ ਤਾਂ ਉਸਤਾਦ ਜੀ ਕਿਸ ਉਮਰ ਵਿੱਚ ਸਨ?

ਉ. ਬਚਪਨ ਵਿੱਚ

ਪ੍ਰ.208 : ਉਸਤਾਦ ਬਹਾਦਰ ਸਿੰਘ ਜੀ ਨੇ ਮੁੱਢਲੀ ਵਿਦਿਆ ਕਿਥੋਂ ਪ੍ਰਾਪਤ ਕੀਤੀ?

ਉ. ਯਤੀਮਖਾਨਾ ਅੰਮ੍ਰਿਤਸਰ

ਪ੍ਰ.209 : ਉਸਤਾਦ ਯਤੀਮਖਾਨੇ ਕਿਸ ਅਧਿਆਪਕ ਤੋਂ ਪ੍ਰਭਾਵਿਤ ਹੋਏ?

ਉ. ਬਾਬਾ ਮਹਿਤਾਬ ਸਿੰਘ

ਪ੍ਰ.210 : ਕਿਸ ਦੀਆਂ ਸਿੱਖਿਆਵਾਂ ਦਾ ਅਸਰ ਬਹਾਦਰ ਸਿੰਘ ਦੇ ਜੀਵਨ ਤੇ ਪਿਆ?

ਉ. ਅਧਿਆਪਕ ਮਹਿਤਾਬ ਸਿੰਘ

ਪ੍ਰ.211 : ਤਬਲੇ ਦੇ ਵਿਦਿਆ ਪਹਿਲਾਂ ਕਿਸ ਤੋਂ ਪ੍ਰਾਪਤ ਕੀਤੀ?

ਉ. ਬਾਬਾ ਮਹਿਤਾਬ ਸਿੰਘ ਤੋਂ।

ਪ੍ਰ.212 : ਬਹਾਦਰ ਤਬਲਾ ਵਾਦਨ ਨਾਲ-ਨਾਲ ਹੋਰ ਕੀ ਸਿੱਖਿਆ?

ਉ. ਕੀਰਤਨ

ਪ੍ਰ.213 : ਬਹਾਦਰ ਸਿੰਘ ਦੇ ਜੀਵਨ ਤੇ ਕਿਸ ਦੀ ਸਿੱਖਿਆ ਦਾ ਵੱਡਾ ਅਸਰ ਪਿਆ?

ੳ. ਸ੍ਰੀ ਗੁਰੂ ਗ੍ਰੰਥ ਸਾਹਿਬ।

ਪ੍ਰ.214 : ਸ.ਬਹਾਦਰ ਸਿੰਘ ਦੇ ਬਚਪਨ ਵਿੱਚ ਮਨ ਦੀ ਕੀ ਰੀਝ ਸੀ?

ੳ. ਤਬਲਾ ਉਸਤਾਦ ਬਣਨ ਦੀ।

ਪ੍ਰ.215 : ਯਤੀਮਖਾਨੇ ਦੀ ਸਿੱਖਿਆ ਬਾਅਦ ਉਹਨਾਂ ਕੀ ਕੰਮ ਸਿੱਖਿਆ?

ੳ. ਘੜੀਆਂ ਸਵਾਰਨਾ

ਪ੍ਰ.216 : ਘੜੀ ਸਾਜ ਦਾ ਕੰਮ ਕਿੰਨਾ ਸਮਾਂ ਲੌਹਰ ਦੁਕਾਨ ਵਿੱਚ ਕੀਤਾ?

ੳ. 10 ਸਾਲ

ਪ੍ਰ.217 : ਪੰਜਾਬ ਘਰਾਣੇ ਦੇ ਕਿਸ ਉਸਤਾਦ ਦੀ ਸਾਗਿਰਦੀ ਕੀਤੀ?

ੳ. ਮੀਆਂ ਫਕੀਰ ਬਖਸ਼।

ਪ੍ਰ.218 : ਹੋਰ ਕਿਸ ਉਸਤਾਦ ਤੋਂ ਤਬਲੇ ਦੀ ਸਿੱਖਿਆ ਪ੍ਰਾਪਤ ਕੀਤੀ?

ੳ. ਉਸਤਾਦ ਮੀਰ ਬਖਸ ਗਿਲ ਵਾਲੀਏ

ਪ੍ਰ.219 : ਸ.ਬਹਾਦਰ ਸਿੰਘ ਨੇ ਸਾਰਾ ਜੀਵਨ ਕਿਸ ਨੂੰ ਸਮਰਪਿਤ ਰਿਹਾ?

ੳ. ਤਬਲਾ ਵਾਦਨ ਲਈ

ਪ੍ਰ.220 : ਕਿਹਨਾ ਸਮੇਂ ਦੇ ਮਹਾਨ ਸੰਗੀਤਕਾਰਾਂ ਨੇ ਆਪ ਨੇ ਅਨੇਕਾਂ ਵਾਰ ਸੰਗਤ ਕੀਤੀ?

ੳ. ਉਸਤਾਦ ਬੜੇ ਗੁਲਾਮ ਅਲੀ ਖਾਂ ਪੰਡਤ ਰਵੀ ਸੰਕਰ।

ਪ੍ਰ.221 : ਕਿਸ ਮਹਾਨ ਸੰਗੀਤਕਾਰ ਨਾਲ ਆਪ ਦਾ ਬਹੁਤ ਪਿਆਰ ਸੀ?

ੳ. ਉਸਤਾਦ ਬੜੇ ਗੁਲਾਮ ਅਲੀ ਖਾਂ ਸਾਹਿਬ

ਪ੍ਰ.222 : ਲਹੌਰ ਰੇਡੀਓ ਤੇ ਕਦੋਂ ਨਿਯੁਕਤ ਹੋਈ?

ੳ. 1937 ਵਿੱਚ।

ਪ੍ਰ.223 : 1947 ਦੀ ਵੰਡ ਤੋਂ ਬਾਅਦ ਕਿਥੇ ਨਿਯੁਕਤ ਹੋਏ?

ੳ. ਜਲੰਧਰ ਰੇਡੀਉ

ਪ੍ਰ.224 : ਉਸਤਾਦ ਬਹਾਦਰ ਸਿੰਘ ਜੀ ਦੀ ਵਿਸ਼ੇਸ ਸਿੱਖਿਆ ਦਾ ਜਿਕਰ ਦੱਸੋ?

ੳ. ਲੈਅ ਤਾਲ ਵਿੱਚ ਰਸ ਪੈਦਾ ਕਰਨਾ।

ਪ੍ਰ.225 : ਤਬਲਾ ਸੁਰ ਉਸਤਾਦ ਬਹਾਦਰ ਸਿੰਘ ਕਿਵੇਂ ਕਰਦੇ ਸੀ?

ਉ. ਮੱਧਮ ਅਘਾਤ

ਪ੍ਰ.226 : ਉਸਤਾਦ ਬਹਾਦਰ ਸਿੰਘ ਕਿਸ ਗੱਲ ਦੀ ਕਦਰ ਕਰਦੇ ਸਨ?

ਉ. ਸਮੇਂ ਦੀ

ਪ੍ਰ.227 : ਸਾਰਾ ਜੀਵਨ ਉਸ ਬਹਾਦਰ ਸਿੰਘ ਨੇ ਕੀ ਕੰਮ ਕੀਤਾ?

ਉ. ਤਬਲਾ ਵਜਾਇਆ ਤੇ ਸਿਖਾਇਆ

ਪ੍ਰ.228 : ਆਪਣੇ ਅਸਲੀ ਪੁੱਤਰ ਤੇ ਧੀਆਂ ਕਿਸ ਨੂੰ ਮੰਨਦੇ ਸਨ?

ਉ. ਆਪਣੇ ਸਾਗਿਰਦਾਂ ਨੂੰ

ਪ੍ਰ.229 : ਉਸਤਾਦ ਬਹਾਦਰ ਸਿੰਘ ਦੇ ਕੋਈ ਦੋ ਸਾਗਿਰਦਾਂ ਦੇ ਨਾਮ ਦੱਸੋ?

ਉ. ਰਣਜੀਤ ਸਿੰਘ, ਪੰ: ਰਮਾਂਕਾਂਤ

ਪ੍ਰ.230 : ਉਸਤਾਦ ਬਹਾਦਰ ਸਿੰਘ ਦਾ ਨਾਂ ਕਿਸ ਲਈ ਹਮੇਸ਼ਾ ਅਮਰ ਰਹੇਗਾ?

ਉ. ਸਖਤ ਮਿਹਨਤ, ਨਿਰੰਤਰ ਰਿਆਜ ਅਤੇ ਨਿਮਰਤਾ।

ਪ੍ਰ.231 : ਉਸਤਾਦ ਬਹਾਦਰ ਸਿੰਘ ਨੇ ਆਖਰੀ ਸੁਆਸ ਕਦੋਂ ਤਿਆਗੇ?

ਉ. 7 ਫਰਵਰੀ 1967

ਪ੍ਰ.232 : ਉਸਤਾਦ ਬਹਾਦਰ ਸਿੰਘ ਦੇ ਮਨ ਪਸੰਦ ਤਾਲਾ ਦੇ ਨਾਮ ਦੱਸੋ?

ਉ. ਝੱਪਤਾਲ, ਆੜਾ ਚੌਤਾਲ, ਧਮਾਰ ਦੀ ਦੀਪਚੰਦੀ।

ਪ੍ਰ.233 : ਉਸਤਾਦ ਕਾਦਰ ਬਖਸ਼ ਕਿਸ ਕਲਾ ਦੇ ਉਸਤਾਦ ਸਨ?

ਉ. ਤਬਲਾ ਉਸਤਾਦ।

ਪ੍ਰ.234: ਮੀਆਂ ਕਾਦਰਬਖਸ਼ ਦਾ ਘਰਾਣਾ ਕਿਹੜਾ ਹੈ?

ਉ. ਪੰਜਾਬ ਘਰਾਣਾ

ਪ੍ਰ.235 : ਘਰਾਣੇ ਦਾ ਕੀ ਭਾਵ ਹੈ?

ਉ. ਕਲਾ ਨੂੰ ਕੇਵਲ ਆਪਣੇ ਖਾਨਦਾਨ ਵਿੱਚ ਸੀਨਾ ਬਸੀਨਾ ਸਿਖਾਉਣ ਨੂੰ ਘਰਾਣਾ ਕਹਿੰਦੇ ਹਨ।

ਪ੍ਰ.236 : ਮੀਆਂ ਕਾਦਰ ਬਖਸ ਦੇ ਪਿਤਾ ਦਾ ਕੀ ਨਾਂ ਸੀ?

ਉ.	ਮੀਆਂ ਫਕੀਰ ਫਕੀਰ ਬਖਸ਼

ਪ੍ਰ.237 : ਮੀਆਂ ਫਕੀਰ ਬਖਸ ਕਿਸ ਕਲਾ ਦੇ ਉਸਤਾਦ ਸਨ?

ਉ.	ਪਖਾਵਜ ਦੇ

ਪ੍ਰ.238 : ਮੀਆਂ ਦਾ ਕੀ ਭਾਵ ਹੈ?

ਉ.	ਗੁਣੀ ਜਾਂ ਗੁਣੀ ਜਨ।

ਪ੍ਰ.239 : ਮੀਆਂ ਕਾਦਰ ਬਖਸ਼ ਕਿਸ ਕਲਾ ਲਈ ਮਸ਼ਹੂਰ ਸਨ?

ਉ.	ਤਬਲਾ ਵਾਦਨ

ਪ੍ਰ.240 : ਵਾਦਨ ਕਲਾ ਵਿਚੋਂ ਆਪਣੇ ਕੀ ਗੁਣ ਸਨ?

ਉ.	ਲੈਅ, ਤਾਲ ਵਿੱਚ ਪੂਰਨ।

ਪ੍ਰ.241 : ਮੀਆਂ ਕਾਦਰ ਬਖਸ਼ ਦਾ ਜਨਮ ਕਿੱਥੇ ਹੋਇਆ?

ਉ.	ਲਹੌਰ ਵਿੱਚ।

ਪ੍ਰ.242 : ਵੰਡ ਵੇਲੇ ਆਪ ਕਿੱਥੇ ਰਹੇ?

ਉ.	ਲਹੌਰ, ਪਾਕਿਸਤਾਨ

ਪ੍ਰ.243 : ਮੀਆਂ ਕਾਦਰ ਬਖਸ਼ ਦੇ ਦੋ ਰਾਜੇ ਸਾਗਿਰਦਾਂ ਦੇ ਨਾਂ ਦੱਸੋ?

ਉ.	ਮਹਾਰਾਜਾ ਚਕਰਾਧਰ ਸਿੰਘੀ ਦਿਓ, ਮਹਾਰਾਜਾ ਤਿਕਮਗੜ੍ਹ।

ਪ੍ਰ.244 : ਮੀਆਂ ਕਾਦਰ ਬਖਸ ਨੇ ਤਬਲੇ ਦੀ ਸਿੱਖਿਆ ਕਿਸ ਤੋਂ ਪ੍ਰਾਪਤ ਕੀਤੀ?

ਉ.	ਪਿਤਾ ਮੀਆਂ ਫਕੀਰ ਬਖਸ਼।

ਪ੍ਰ.245 : ਕੀ ਮੀਆਂ ਕਾਦਰ ਬਖਸ ਖੱਬੇ ਹੱਥ ਦੇ ਵਾਦਕ ਸਨ?

ਉ.	ਹਾਂ ਖੱਬੇ ਹੱਥ ਦੇ।

ਪ੍ਰ.246 : ਮੀਆਂ ਕਾਦਰ ਬਖਸ਼ ਦੇ ਸੰਸਾਰ ਪ੍ਰਸਿੱਧ ਤਬਲਾਵਾਦਕ ਸਾਗਿਰਦ ਦਾ ਨਾਂ ਦੱਸੋ?

ਉ.	ਉਸਤਾਦ ਅੱਲਾ ਰੱਖਾ ਖਾਂ।

ਖ਼ਾਲੀ ਥਾਵਾਂ ਭਰੋ:

247. ਸਮ ਦੀ ਨਿਸ਼ਾਨੀ × ਹੁੰਦੀ ਹੈ।

248. ਸਮ ਤਾਲ ਦੀ ਪਹਿਲੀ ਮਾਤਰਾ ਤੇ ਹੁੰਦਾ ਹੈ।

249. ਤਾਲ ਦੀ ਪਹਿਲਾ ਮਾਤਰਾ ਨੂੰ ਸਮ ਕਹਿੰਦੇ ਹਨ।

250. ਸਮ ਦਾ ਗਾਇਨ, ਵਾਦਨ, ਨਰਿਤ ਵਿੱਚ ਬਹੁਤ ਮਹੱਤਵਪੂਰਨ ਸਥਾਨ ਹੈ।

251. ਸਮ ਇਕ ਤਰਾ ਦੀ ਤਾਲੀ ਹੁੰਦੀ ਹੈ।

252. ਸੰਗੀਤ ਵਿੱਚ ਤਾਲ ਦਾ ਪ੍ਰਾਣ ਸਮ ਹੈ।

253. ਜਦ ਗੀਤ, ਤਾਲ ਦੇ ਨਾਲ ਸ਼ੁਰੂ ਹੋਵੇ ਉਹ ਵਿਸ਼ਮ ਕਹਾਉਂਦਾ ਹੈ।

254. ਜਦੋਂ ਗੀਤ ਦਾ ਅਰੰਭ ਤਾਲ ਤੋਂ ਪਹਿਲਾ ਹੋਵੇ ਤਾਂ ਅਤੀਤ ਕਹਾਉਂਦਾ ਹੈ।

255. ਤਬਲੇ ਨੂੰ ਜੌੜੀ ਨਾਂ ਨਾਲ ਵੀ ਜਾਣਿਆ ਜਾਂਦਾ ਹੈ।

256. ਸੱਜੇ ਤਬਲੇ ਨੂੰ ਚੱਠੂ ਵੀ ਕਹਿੰਦੇ ਹਨ।

257. ਖੱਬੇ ਤਬਲੇ ਨੂੰ ਧਾਮਾਂ ਵੀ ਕਹਿੰਦੇ ਹਨ।

258. ਤਬਲੇ ਦੇ ਗੋਲ ਅਕਾਰ ਦੀ ਮੜੀਖਲ ਨੂੰ ਪੁੜੀ ਕਹਿੰਦੇ ਹਨ।

259. ਪੁੜੀ ਦੇ ਉਪਰ ਚਾਰੋ ਤਰਫ ਲੱਗੀ ਖਲ ਦੀ ਪੱਟੀ ਨੂੰ ਚਾਟੀ ਜਾਂ ਕਿਨਾਰ ਕਹਿੰਦੇ ਹਨ।

260. ਚਾਟੀ ਦੇ ਨਾਲ ਚਾਰੇ ਪਾਸੇ ਚਮੜਾ ਮੜਿਆ ਹੁੰਦਾ ਹੈ। ਉਸ ਨੂੰ ਲਵ ਜਾਂ ਮੈਦਾਨ ਕਹਿੰਦੇ ਹਨ।

261. ਪੁੜੀ ਦੇ ਵਿਚਲੇ ਭਾਗ ਵਿੱਚ ਕਾਲੇ ਰੰਗ ਦਾ ਮਸਾਲਾ ਲੱਗਿਆ ਹੁੰਦਾ ਹੈ ਉਸ ਨੂੰ ਸਿਆਹੀ ਕਹਿੰਦੇ ਹਨ।

262. ਤਬਲੇ ਦੇ ਹੇਠਲੇ ਹਿੱਸੇ ਵੱਲ ਚਮੜੇ ਦੀ ਵੱਧਰੀ ਦਾ ਇੱਕ ਗੋਲਾ ਜਿਹਾ ਹੁੰਦਾ ਹੈ ਉਸ ਨੂੰ ਗੁਡਰੀ ਜਾਂ ਇੰਡਰੀ ਕਹਿੰਦੇ ਹਨ।

263. ਪੁੜੀ ਦੀ ਚਾਰੀ ਪਾਸੇ ਪਤਲੀ ਪੱਟੀ ਦਾ ਇੱਕ ਗੁੰਦਿਆ ਹਾਰ ਹੁੰਦਾ ਹੈ, ਉਸ ਨੂੰ ਗਜਰਾ ਕਹਿੰਦੇ ਹਨ।

264. ਤਬਲਾ ਬਹੁਤ ਕੱਸਣ ਤੇ ਫੱਟ ਹੋ ਜਾਂਦਾ ਹੈ।

265. ਤਬਲਾ ਬਿਨ੍ਹੂੰ ਤੇ ਰੱਖਿਆ ਜਾਂਦਾ ਹੈ।

266. ਡੁੱਗੀ ਧਾਮਾ ਜਾ ਪੁੜਾ ਬਕਰੇ ਦੀ ਖੁੱਲ ਦਾ ਬਣਿਆ ਹੁੰਦਾ ਹੈ।

267. ਬੱਧਰੀ ਚਮੜੇ ਦੀ ਬਣੀ ਹੁੰਦੀ ਹੈ।

268. ਤਬਲੇ ਦਾ ਪ੍ਰਚਾਰ ਦਿੱਲੀ ਤੋਂ ਸ਼ੁਰੂ ਹੋਇਆ।

269. ਤਬਲੇ ਦੇ ਪਹਿਲੇ ਘਰਾਣੇ ਦਾ ਨਾਂ ਦਿੱਲੀ ਘਰਾਣਾ ਹੈ।

270. ਜਾਕਿਰ ਹੁਸੈਨ ਇੱਕ ਪ੍ਰਸਿੱਧ ਤਬਲਾ ਵਾਦਕ ਹਨ।

271. ਪੰਜਾਬੀ ਘਰਾਣਾ <u>ਪੰਜਾਬ</u> ਰਾਜ ਨਾਲ ਸਬੰਧਤ ਹੈ।

272. ਪਖਾਵਜ ਦਾ ਪ੍ਰਯੋਗ ਜਿਆਦਾ <u>ਦੱਖਣੀ</u> ਭਾਰਤ ਵਿੱਚ ਹੁੰਦਾ ਹੈ।

273. ਪਖਾਵਜ ਇੱਕ ਵਿਸ਼ੇਸ <u>ਲੱਕੜੀ</u> ਨਾਲ ਬਣਿਆ ਹੁੰਦਾ ਹੈ।

274. ਪਖਾਵਜ <u>ਅਵੱਨਧ</u> ਸਾਜ਼ਾ ਦੀ ਜਾਤਿ ਦਾ ਸਾਜ ਹੈ।

275. ਪਖਾਵਜ ਦਾ ਵਾਦਨ ਉਗਲੀਆ, ਪੰਜੇ ਅਤੇ <u>ਹਥੇਲੀਆਂ</u> ਨਾਲ ਕੀਤਾ ਜਾਂਦਾ ਹੈ।

276. ਪਖਾਵਜ <u>ਗੰਭੀਰ</u> ਪ੍ਰਕਿਰਤੀ ਦਾ ਸਾਜ ਹੈ।

277. ਪਖਾਵਜ ਦਾ ਇੱਕ ਹਿੱਸਾ <u>ਛੋਟਾ</u> ਤੇ ਦੂਸਰਾ ਭਾਗ ਵੱਡਾ ਹੁੰਦਾ ਹੈ।

278. ਪਖਾਵਜ ਨੂੰ ਸੁਰ ਕਰਨ ਲਈ ਲਕੜੀ ਦੇ <u>ਗੱਟਿਆ</u> ਦਾ ਪ੍ਰਯੋਗ ਹੁੰਦਾ ਹੈ।

279. ਪਖਾਵਜ ਨੂੰ <u>ਸੁਤੰਤਰ</u> ਵਾਦਨ ਅਤੇ ਨ੍ਰਿਤ, ਧਰੁਪਦ ਧਮਾਰ, ਗਾਇਨ ਸੈਲੀਆ ਨਾਲ ਸੰਗਤ ਲਈ ਵਰਤਿਆ ਜਾਂਦਾ ਹੈ।

280. ਗੱਟੇ <u>ਲੱਕੜੀ</u> ਤੋਂ ਬਣੇ ਹੁੰਦੇ ਹਨ।

281. ਪਖਾਵਜ ਦਾ ਦੂਜਾ ਨਾਂ <u>ਮ੍ਰਿਦੰਗ</u> ਹੈ।

282. ਪਖਾਵਜ <u>ਤਾਲ</u> ਵਾਦਣ ਹੈ।

283. ਪਖਾਵਜ ਵਜਾਣ ਵਾਲੇ ਨੂੰ <u>ਪਖਾਵਜੀ</u> ਕਹਿੰਦੇ ਹਨ।

284. ਪ੍ਰਸਿੱਧ ਪਖਾਵਜ ਵਾਦਕ <u>ਪੰ: ਮਦਨ ਮੋਹਨ</u> ਹੈ।

285. ਪਖਾਵਜ ਦੀ ਅਵਾਜ਼ <u>ਬੁਲੰਦ</u> ਹੁੰਦੀ ਹੈ।

286. ਤਬਲਾ ਵਜਾਉਣ ਵਾਲੇ ਨੂੰ <u>ਤਗਲਾ ਵਾਦਕ</u> ਕਹਿੰਦੇ ਹਨ।

287. ਤਬਲੇ ਦੀ ਆਵਾਜ਼ <u>ਚੰਚਲ/ਮੁਲਾਇਮ</u> ਹੁੰਦੀ ਹੈ।

288. ਪਖਾਵਜ ਦੇ ਗੋਲ <u>ਖੁੱਲੇ</u> ਹੁੰਦੇ ਹਨ।

289. ਤਬਲੇ ਦੇ ਬੋਲਾ ਨੂੰ <u>ਬੰਦ ਬੋਲ</u> ਕਹਿੰਦੇ ਹਨ।

290. ਨਗਮੇ ਸ਼ਬਦ ਦੀ ਉਤਪਤੀ <u>ਫ਼ਾਰਸੀ</u> ਤੋਂ. ਹੋਈ।

291. ਨਗਮੇ ਨੂੰ ਲਹਿਰਾ ਵੀ ਕਹਿੰਦੇ ਹਨ।

292. ਨਗਮਾ <u>ਇੱਕ</u> ਆਵਰਤਨ ਦਾ ਹੁੰਦਾ ਹੈ।

293. ਉਠਾਣ ਦਾ ਅਰਥਾ ਹੈ <u>ਉਠਣਾ</u>

294. ਉਠਾਣ ਵਿੱਚ <u>ਇੱਕ ਜਾਂ ਦੋ</u> ਆਵਰਤਨ ਹੁੰਦੇ ਹਨ।

295. ਉਠਾਣ <u>ਖੁੱਲੇ</u> ਬੋਲਾ ਵਿੱਚ ਵਜਾਈ ਜਾਂਦੀ ਹੈ।

296. ਉਠਾਣ ਤਬਲਾ ਅਤੇ ਪਖਾਵਜ ਵਾਦਨ ਵਿੱਚ ਵਜਾਈ ਜਾਂਦੀ ਹੈ।

297. ਉਠਾਣ ਠਾਹ ਅਤੇ ਦੁਗਣ ਲੈਅ ਵਿੱਚ ਵਜਾਈ ਜਾਂਦੀ ਹੈ।

298. ਉਠਾਣ ਤਿਹਾਈ ਵਜਾਕੇ ਖਤਮ ਕੀਤੀ ਜਾਂਦੀ ਹੈ।

299. ਉਠਾਣ ਠੇਕੇ ਤੋਂ ਪਹਿਲਾ ਵਜਾਈ ਜਾਂਦੀ ਹੈ।

300. ਸਮ ਤਾਲ ਦਾ ਮੁੱਖ ਅੰਗ ਹੈ।

301. ਸਮ ਦਾ ਦੂਜਾ ਨਾਂ ਗੁਰੂ ਹੈ।

302. ਸਮ ਤੇ ਧਾ, ਧਿੰ ਬੋਲ ਹੁੰਦੇ ਹਨ।

303. ਕਾਇਦਾ ਇੱਕ ਜਾਂ ਦੋ ਆਵਰਤਨ ਦਾ ਹੁੰਦਾ ਹੈ।

304. ਕਾਇਦੇ ਦੀ ਰਚਨਾ ਵਿਭਾਗਾਂ ਅਨੁਸਾਰ ਹੁੰਦੀ ਹੈ।

305. ਕਾਇਦਾ ਠਾਹ ਤੋਂ ਚੋਗੁਣ ਲੈਅ ਤੱਕ ਲੈਅ ਵਿੱਚ ਵਜਾਇਆ ਜਾਂਦਾ ਹੈ।

306. ਕਾਇਦੇ ਦੇ ਬੋਲ 4, 8 ਅਤੇ 16 ਮਾਤ੍ਰਾ ਦੇ ਹੁੰਦੇ ਹਨ।

307. ਕਾਇਦਾ ਸ਼ੁੱਧ ਬੋਲ ਵਿੱਚ ਹੁੰਦਾ ਹੈ।

308. ਪਸਟੇ ਨੂੰ ਉਲਟਾ ਵੀ ਕਹਿੰਦੇ ਹਨ।

309. ਕਾਇਦੇ ਦੇ ਉਲਟੇ ਬੋਲਾ ਨੂੰ ਪਲਟਾ ਕਹਿੰਦੇ ਹਨ।

310. ਤਬਲਾ 18ਵੀਂ ਸਦੀ ਸਮੇਂ ਪ੍ਰਚਾਰ ਵਿੱਚ ਆਇਆ।

311. ਤਬਲਾ ਵਾਦਨ ਨੂੰ ਸੋਲੋ ਵਾਦਕ ਵੀ ਕਹਿੰਦੇ ਹਨ।

312. ਗਾਇਨ, ਵਾਦਨ ਅਤੇ ਨਰਿਤ ਵਿੱਚ ਸਮੇਂ ਦੀ ਚਾਲ ਨੂੰ ਲੈਅ ਕਹਿੰਦੇ ਹਨ।

313. ਲੈਅ ਤਿੰਨ ਪ੍ਰਕਾਰ ਦੀ ਹੈ।

314. ਸਬ ਤੋਂ ਧੀਮੀ ਲੈਅ ਨੂੰ ਵਿਲੰਬਿਤ ਕਹਿੰਦੇ ਹਨ।

315. ਨਾ ਜਾਦਾ ਤੇਜ ਤੇ ਨਾ ਜਾਦਾ ਹੌਲੀ ਲੈਅ ਨੂੰ ਮੱਧ ਲੈਅ ਕਹਿੰਦੇ ਹਨ।

316. ਜਦੋ ਲੈਅ ਦੀ ਗਤੀ ਬਹੁਤ ਤੇਜ ਹੋਣੇ ਉਸ ਨੂੰ ਦਰੁੱਤ ਲੈਅ ਕਹਿੰਦੇ ਹਨ।

317. ਉਸਤਾਦ ਬਹਾਦਰ ਸਿੰਘ ਤਬਲਾ ਕਲਾ ਦੇ ਉਸਤਾਦ ਸਨ।

318. ਉਸਤਾਦ ਬਹਾਦਰ ਸਿੰਘ ਦਾ ਜਨਮ (1902) ਈ: ਵਿੱਚ ਹੋਇਆ।

319. ਉਸਤਾਦ ਬਹਾਦਰ ਦਾ ਜਨਮ (ਲਾਇਲਪੁਰ) ਵਿੱਖੇ ਹੋਇਆ। (ਲਾਇਲਪੁਰ)

320. ਉਸਤਾਦ ਬਹਾਦਰ ਸਿੰਘ ਨੇ ਮੁੱਢਲੀ ਸਿੱਖਿਆ ਯਤੀਮ ਖਾਨਾ, ਅੰਮ੍ਰਿਤਸਰ ਵਿੱਖੇ ਪ੍ਰਾਪਤ ਕੀਤੀ।

321. ਤਬਲੇ ਦੀ ਸਿੱਖਿਆ ਪਹਿਲਾ ਬਾਬਾ ਮਹਿਤਾਬ ਤੋਂ ਲਈ।

322. ਉਸਤਾਦ ਬਹਾਦਰ ਸਿੰਘ ਨੇ ਤਬਲੇ ਦੇ ਨਾਲ ਕੀਰਤਨ ਵੀ ਸਿੱਖਿਆ।

323. ਇਹਨਾਂ ਦਾ ਬੜੇ ਗੁਲਾਮ ਅਲੀ ਖਾ ਨਾਲ ਬੜਾ ਪਿਆਰ ਸੀ।

324. ਉਸਤਾਦ ਬਹਾਦਰ ਸਿੰਘ ਦੇ ਰਣਜੀਤ ਸਿੰਘ ਅਤੇ ਰਮਾਕਾਂਤ ਸ਼ਾਗਿਰਦ ਸਨ।

325. ਉਸਤਾਦ ਬਹਾਦਰ ਸਿੰਘ 7 ਫਰਵਰੀ, 1967 ਨੂੰ ਸਵਰਗਵਾਸ ਹੋਏ।

326. ਉਸਤਾਦ ਬਹਾਦਰ ਸਿੰਘ ਦੀਆਂ ਮੰਨ ਪਸੰਦ ਤਾਲ ਝੱਪਤਾਲ, ਆੜਾ ਚੌਤਾਨ ਸਨ।

327. ਉਸਤਾਦ ਕਾਦਰ ਬਖਸ਼ ਤਬਲਾ ਕਲਾ ਦੇ ਉਸਤਾਦ ਸਨ।

328. ਉਸਤਾਦ ਕਾਦਰ ਬਖਸ਼ ਦਾ ਪੰਜਾਬ ਘਰਾਣਾ ਸੀ।

329. ਉਸਤਾਦ ਕਾਦਰ ਬਖਸ਼ ਦਾ ਜਨਮ 1902 ਈ: ਵਿੱਚ ਹੋਇਆ।

330. ਉਸਤਾਦ ਕਾਦਰ ਬਖਸ਼ ਦਾ ਜਨਮ ਲਹੌਰ ਵਿੱਖੇ ਹੋਇਆ।

331. ਉਸਤਾਦ ਕਾਦਰ ਬਖਸ਼ ਨੇ ਤਬਲੇ ਦੀ ਸਿੱਖਿਆ ਪਿਤਾ ਤੋਂ ਪ੍ਰਾਪਤ ਕੀਤੀ।

332. ਉਸਤਾਦ ਕਾਦਰ ਬਖਸ਼ ਦੇ ਸ਼ਾਗਿਰਦ ਅੱਲਾ ਰੱਖਾ ਖਾਂ ਹਨ।

333. ਤਾਲ ਵਿੱਚ ਖਾਲੀ ਦੀ ਨਿਸ਼ਾਨੀ (0) ਹੁੰਦੀ ਹੈ।

334. ਦੁਗਣ ਮਾਤਰਾ ਲਈ ‿ ਚਿੰਨ ਵਰਤਿਆਂ ਜਾਂਦਾ ਹੈ।

335. ਮਾਤਰਾਵਾਂ ਦੀ ਗਿਣਤੀ ਲਈ ਅੰਕਾਂ ਦੀ ਵਰਤੋਂ ਕੀਤੀ ਜਾਂਦੀ ਹੈ।

336. ਤਾਲ ਦੇ ਬੋਲਾਂ ਨੂੰ ਵਿਭਾਗ ਨਾਲ ਦਰਸਾਇਆ ਜਾਂਦਾ ਹੈ।

337. ਤਾਲੀ ਨੂੰ ਭਰੀ ਵੀ ਕਹਿੰਦੇ ਹਨ।

338. ਝੱਪ ਤਾਲ ਦੀਆਂ 10 ਮਾਤਰਾ ਹੁੰਦੀਆਂ ਹਨ।

339. ਝੱਪ ਤਾਲ ਦੇ 2 ਤੇ 3 ਮਾਤਰਾ ਦੇ ਵਿਭਾਗ ਹੁੰਦੇ ਹਨ।

340. ਝੱਪ ਤਾਲ ਦੀਆਂ ਤਾਲੀਆਂ 1, 3 ਅਤੇ 8 ਮਾਤਰਾਂ ਤੇ ਹੁੰਦੀਆਂ ਹਨ।

341. ਤਿੰਨ ਤਾਲ 16 ਮਾਤਰਾਂ ਦੀ ਤਾਲ ਹੈ।

342. ਤਿੰਨ ਤਾਲ ਨੂੰ ਤ੍ਰਿਤਾਲ ਵੀ ਕਹਿੰਦੇ ਹਨ।

343. ਤਿੰਨ ਤਾਲ ਦੇ 4 ਵਿਭਾਗ ਹੁੰਦੇ ਹਨ।

344. ਤਿੰਨ ਤਾਲ ਦੀ 13ਵੀਂ ਮਾਤਰਾ ਤੇ ਤਾ ਬੋਲ ਆਉਂਦਾ ਹੈ।

345. ਦਰੁਤ ਲੈਅ ਤਿੰਨ ਤਾਲ ਵਜਾਈ ਜਾਂਦੀ ਹੈ।

346. ਤਿੰਨ ਤਾਲ ਦੀ 9 ਮਾਤਰਾ ਖਾਲੀ ਹੈ।

347. ਇਕਤਾਲ ਦੀਆਂ 12 ਮਾਤਰਾਵਾਂ ਹਨ।

348. ਇਕਤਾਲ ਨੂੰ ਯੱਕਾ ਨਾਂ ਨਾਲ ਵੀ ਜਾਣਿਆ ਜਾਂਦਾ ਹੈ।

349. ਇਕਤਾਲ ਵਿੱਚ 4 ਤਾਲੀਆ ਹਨ।

350. ਇਕਤਾਲ ਵਿੱਚ 2 ਖਾਲੀ ਹਨ।

351. ਇਕਤਾਲ ਵਿੱਚ 3 ਤੇ 7 ਮਾਤਰਾ ਤੇ ਖਾਲੀ ਹੈ।

352. ਇਕਤਾਲ ਦੀ ਦੂਜੀ ਖਾਲੀ ਤੇ ਕ ਬੋਲ ਹਨ।

353. ਇਕਤਾਲ ਵੱਡੇ ਖਿਆਲ ਗਾਇਨ ਨਾਲ ਜਿਆਦਾ ਵਕਾਈ ਜਾਂਦੀ ਹੈ।

354. ਇਕਤਾਲ ਦੇ 6 ਵਿਭਾਗ ਹਨ।

355. ਇਕਤਾਲ ਦਾ ਹਰ ਵਿਭਾਗ 2 ਮਾਤਰਾ ਦਾ ਹੈ।

356. ਤਬਲੇ ਦੇ ਵੱਖ-ਵੱਖ ਬੋਲਾਂ ਤੌਂ ਤਾਲ ਅਨੁਸਾਰ ਕਾਇਦਾ ਬਣਦਾ ਹੈ।

357. ਨਗਮੇ ਦਾ ਅਰਥ ਹੈ ਗੀਤ ।

358. ਕਿਸੇ ਸਾਜ ਤੇ ਜਦੋਂ ਕੋਈ ਧੁਨ ਵਜਾਈ ਜਾਂਦੀ ਹੈ ਤਾਂ ਉਸ ਧੁਨ ਨੂੰ ਨਗਮਾ ਕਹਿੰਦੇ ਹਨ।

359. ਜਦੋਂ ਗਾਇਕ, ਵਾਦਨ ਜਾਂ ਨ੍ਰਿਤਕ ਨਾਲ ਤਬਲਾ ਵਾਦਨ ਕੀਤਾ ਜਾਂਦਾ ਹੈ ਤਾਂ ਉਸ ਨੂੰ ਸੰਗਤ ਕਹਿੰਦੇ ਹਨ।

360. ਸੁਰ ਲਿੱਪੀ ਵਿੱਚ 1 ਚਿੰਨ੍ਹ ਵਿਭਾਗ ਲਈ ਲੱਗਦਾ ਹੈ।

361. ਪਖਾਵਜ ਦੇ ਦੋ ਹਿੱਸੇ ਹੁੰਦੇ ਹਨ।

362. ਪਖਾਵਜ ਦਾ ਸੱਜਾ ਪਾਸਾ ਛੋਟਾਂ ਹੁੰਦਾ ਹੈ।

363. ਪਖਾਵਜ ਦਾ ਖੱਬਾ ਪਾਸਾ ਵੱਡਾ ਹੁੰਦਾ ਹੈ।

364. ਪਖਾਵਜ ਦੇ ਸੱਜੇ ਪੁੜੇ ਤੇ ਸਿਆਹੀ ਲੱਗੀ ਹੁੰਦੀ ਹੈ।

365. ਪਖਾਵਜ ਢੋਲਕ ਦੀ ਸ਼ਕਲ ਦਾ ਹੁੰਦਾ ਹੈ।

366. ਤਬਲਾ ਮਿਲਾਉਣ ਦੀ ਵਿਧੀ ਨੂੰ ਸੁਰ ਕਰਨਾ ਕਹਿੰਦੇ ਹਨ।

367. ਸੁਰ ਲਿੱਪੀ ਵਿੱਚ ਖੜੀ ਰੇਖਾ ਤੀਵਰ ਸਵਰ ਤੇ ਉੱਤੇ ਲਗਾਈ ਜਾਂਦੀ ਹੈ।

368. ਸੁਰ ਲਿਪੀ ਵਿੱਚ ਕੋਮਲ ਸਵਰਾ ਲਈ ਲੇਟਵੀਂ ਰੇਖਾ ਲਗਾਈ ਜਾਂਦੀ ਹੈ।

369. ਸੁਧ ਸਵਰ ਸੱਤ ਹਨ।

370. ਕੋਮਲ ਸਵਰ ਚਾਰ ਹਨ।

371. ਤੀਵਰ ਸਵਰ ਇੱਕ ਹਨ।

372. ਕੁਝ ਵਿਕਰਿਤ ਸਵਰ 12 ਹਨ।

ਠੀਕ/ਗਲਤ

373. ਸਮ ਦੀ ਨਿਸ਼ਾਨੀ × ਹੁੰਦੀ ਹੈ। ✓

374. ਤਾਲ ਦੀ ਪਹਿਲੀ ਮਾਤਰਾ ਤੇ ਸਮ ਹੁੰਦਾ ਹੈ। ✓

375. ਤਾਲ ਦੀ ਪਹਿਲੀ ਮਾਤਰਾ ਨੂੰ ਸਮ ਕਹਿੰਦੇ ਹਨ। ✓

376. ਸਮ ਦਾ ਤਾਲ ਵਿੱਚ ਕੋਈ ਸਥਾਨ ਨਹੀਂ। ×

377. ਸਮ ਇੱਕ ਤਰਾਂ ਦੀ ਤਾਲੀ ਹੈ। ✓

378. ਸੰਗੀਤ ਵਿੱਚ ਸਮ ਤਾਲ ਦਾ ਪ੍ਰਾਣ ਹੈ। ✓

379. ਜਦੋਂ ਗੀਤ ਦਾ ਅਰੰਭ ਤਾਲ ਤੋਂ ਪਹਿਲਾ ਹੋਵੇ ਉਹ ਅਤੀਤ ਕਹਾਉਂਦਾ ਹੈ। ✓

380. ਨਗਮਾ ਸ਼ਬਦ ਫਾਰਸੀ ਦਾ ਸ਼ਬਦ ਹੈ। ✓

381. ਨਗਮੇ ਦਾ ਦੂਸਰਾ ਨਾਂ ਬਹਿਰਾ ਹੈ। ✓

382. ਵੱਖ-ਵੱਖ ਤਾਲਾਂ ਦੇ ਵੱਖ-ਵੱਖ ਲਗਮੇ ਹੁੰਦੇ ਹਨ। ✓

383. ਨਗਮਾ ਚਾਰ ਆਵਰਤਨ ਦਾ ਹੁੰਦਾ ਹੈ। ×

384. ਉਠਾਣ ਦਾ ਅਰਥ ਹੈ ਬੈਠਣਾ। ×

385. ਉਠਾਣ ਵਿੱਚ ਇੱਕ ਜਾ ਦੋ ਆਵਰਤਨ ਹੁੰਦੇ ਹਨ। ✓

386. ਉਠਾਣ ਖੁੱਲੇ ਬੋਲਾ ਵਿੱਚ ਨਹੀਂ ਬਜਾਈ ਜਾਂਦੀ। ×

387. ਉਠਾਣ ਤਬਲੇ ਤੇ ਪਖਾਵਜ ਤੇ ਵਜਾਈ ਜਾਂਦੀ ਹੈ। ✓

388. ਉਠਾਣ ਠਾਅ ਤੇ ਦੁਗਣ ਲੈਅ ਵਿੱਚ ਵਜਾਈ ਜਾਂਦੀ ਹੈ। ✓

389. ਉਠਾਣ ਦੁਗਣ ਤੇ ਖਤਮ ਕੀਤੀ ਜਾਂਦੀ ਹੈ। ×

390. ਉਠਾਣ ਦਾ ਦੁਸਰਾ ਨਾਂ ਹੈ ਪਰਨ। ✓

391. ਉਠਾਣ ਠੇਕੇ ਤੋਂ ਵਜਾਈ ਜਾਂਦੀ ਹੈ। ✓

392. ਕਾਇਦੇ ਦੀ ਰਚਨਾ ਵਿਭਾਗ ਅਨੁਸਾਰ ਹੁੰਦੀ ਹੈ ✓

393. ਕਾਇਦੇ ਦੇ ਬੋਲ 2, 3, 5 ਮਾਤਰਾਵਾਂ ਦੇ ਹੁੰਦੇ ਹਨ। ×

394. ਕਾਇਦਾ ਸ਼ੁਧ ਬੋਲਾਂ ਵਿੱਚ ਹੁੰਦਾ ਹੈ। ✓

395. ਕਾਇਦਾ ਇੱਕ ਜਾ ਕੇ ਆਵਰਤਨ ਦਾ ਹੁੰਦਾ ਹੈ। ✓

396. ਪਲਟੇ ਦਾ ਅਰਥ ਹੈ ਉਲਟਣਾ। ✓

397. ਕਾਇਦੇ ਦੇ ਉਲਟੇ ਬੋਲਾਂ ਨੂੰ ਪਲਟਾ ਕਹਿੰਦੇ ਹਨ। ✓

398. ਪਲਟਾ ਦੋ ਪ੍ਰਕਾਰ ਦਾ ਹੁੰਦਾ ਹੈ। ✓

399. ਕਾਇਦੇ ਦਾ ਪ੍ਰਯੋਗ ਕੇਵਲ ਤਬਲੇ ਤੇ ਹੁੰਦਾ ਹੈ। ✓

400. ਵਿਦਿਆਰਥੀ ਦੀ ਤਬਲੇ ਦੀ ਸਿੱਖਿਆ ਕਾਇਦੇ ਨਾਲ ਹੁੰਦੀ ਹੈ। ✓

401. ਤਬਲਾ ਮਿਲਾਉਣ ਲਈ ਸੁਰ ਗਿਆਨ ਜ਼ਰੂਰੀ ਹੈ। ✓

402. ਤਬਲਾ ਮਿਲਾਉਣ ਲਈ ਹਥੋੜੀ ਦੀ ਵਰਤੋਂ ਕੀਤੀ ਜਾਂਦੀ ਹੈ। ✓

403. ਤਬਲੇ ਦੇ ਤਿੰਨ ਭਾਗ ਹੁੰਦੇ ਹਨ। ×

404. ਤਬਲੇ ਹਥੋੜੀ ਨਾਲ ਦੱਸਿਆ ਜਾ ਢਿੱਲਾ ਕੀਤਾ ਜਾਂਦਾ ✓

405. ਤਬਲਾ ਤਾਲ ਦਿੰਦਾ ਹੈ। ✓

406. ਤਬਲਾ ਅਵੱਨਧ ਵਾਦਣ ਹੈ। ✓

407. ਤਬਲੇ ਦੇ ਸੱਜਾ ਤੇ ਖੱਬਾ ਦੋ ਭਾਗ ਹੁੰਦੇ ਹਨ। ✓

408. ਤਬਲੇ ਨੂੰ ਜੋੜੀ ਵੀ ਕਹਿੰਦੇ ਹਨ। ✓

409. ਸੱਜਾ ਤਬਲਾ ਲੋਹੇ ਦਾ ਬਣਿਆ ਹੁੰਦਾ ਹੈ। ×

410. ਸੱਜੇ ਤਬਲੇ ਨੂੰ ਚੱਟੂ ਵੀ ਕਹਿੰਦੇ ਹਨ। ✓

411. ਖੱਬਾ ਤਬਲਾ ਮਿੱਟੀ ਜਾ ਧਾਤੂ ਦਾ ਬਣਿਆ ਹੁੰਦਾ ਹੈ। ✓

412. ਤਬਲਾ 19ਵੀਂ ਸਦੀ ਵਿੱਚ ਪ੍ਰਚਾਰ ਵਿੱਚ ਆਇਆ। ×

413. ਤਬਲੇ ਵਾਦਨ ਨੂੰ ਸੋਲੋ ਵਾਦਨ ਕਹਿੰਦੇ ਹਨ। ✓

414. ਪੁੜੇ ਨੂੰ ਕੱਸਣ ਲਈ ਲੱਕੜ ਦੀ ਵਰਤੋਂ ਕੀਤੀ ਜਾਂਦੀ ਹੈ। ×

415. ਸਿਆਹੀ ਦੀ ਵਰਤੋਂ ਪੁੜੇ ਵਿਚਕਾਰ ਕੀਤੀ ਜਾਂਦੀ ਹੈ। ✓

416. ਗਜਰਾ ਚਮੜੇ ਦਾ ਬਣਿਆ ਹੁੰਦਾ ਹੈ। ✓

417. ਗਜਰੇ ਵਿੱਚ 16 ਸ਼ੰਕ ਹੁੰਦੇ ਹਨ। ✓

418. ਬੱਧਰੀ ਧਾਗੇ ਦੀ ਬਣੀ ਹੁੰਦੀ ਹੈ। ×

419. ਗੁੜੱਚੀ ਉੱਪਰ ਹੁੰਦੀ ਹੈ। ×

420. ਤਬਲੇ ਦੀ ਮਿਲਾਣ ਵਿਧੀ ਨੂੰ ਤਬਲਾ ਸੁਰ ਕਰਨਾ ਕਹਿੰਦੇ ਹਨ। ✓

421. ਪਖਾਵਜ ਭਾਰਤੀ ਸਾਜ ਹੈ। ✓

422. ਪਖਾਵਜ ਦੀ ਸ਼ਕਲ ਤਬਲੇ ਨਾਲ ਮਿਲਦੀ ਹੈ। ×

423. ਪਖਾਵਜ ਦੀ ਅਵਾਜ ਪਤਲੀ ਹੁੰਦੀ ਹੈ। ×

424. ਪਖਾਵਜ ਦੇ ਦੋ ਹਿੱਸੇ ਹੁੰਦੇ ਹਨ। ✓

425. ਪਖਾਵਜ ਦਾ ਖੱਬਾ ਪਾਸਾ ਚੋੜਾ ਹੁੰਦਾ ਹੈ। ✓

426. ਪਖਾਵਜ ਦਾ ਸੱਜਾ ਪਾਸਾ ਛੋਟਾ ਹੁੰਦਾ ਹੈ। ✓

427. ਪਖਾਵਜ ਦੇ ਦੋਨਾਂ ਭਾਗਾਂ ਉੱਤੇ ਚਮੜਾ ਮੜਿਆ ਹੁੰਦਾ ਹੈ। ✓

428. ਪੁੜਿਆ ਉਪਰ ਸਿਆਹੀ ਲੱਗੀ ਹੁੰਦੀ ਹੈ। ✓

429. ਗੱਟੇ ਲਕੜ ਤੋਂ ਬਣਦੇ ਹਨ। ✓

430. ਤਬਲੇ ਦੀ ਹਥੋੜੀ ਲੋਹੇ ਦੀ ਹੁੰਦੀ ਹੈ। ✓

431. ਤਬਲੇ ਦਾ ਪ੍ਰਚਾਰ ਦਿੱਲੀ ਤੋਂ ਸ਼ੁਰੂ ਹੋਇਆ। ✓

432. ਤਬਲੇ ਦੇ ਪਹਿਲੇ ਘਰਾਣੇ ਦਾ ਨਾਂ ਦਿੱਲੀ ਹੈ। ✓

433. ਜਾਕਿਰ ਹੁਸੈਨ ਇੱਕ ਤਬਲਾ ਵਾਦਕ ਹੈ। ✓

434. ਪਖਾਵਜ ਨੂੰ ਵੱਧਗੀ ਨਾਲ ਦੱਸਿਆ ਜਾਂਦਾ ਹੈ। ✓

435. ਗਜਰੇ ਵਿੱਚ ਗੱਟਪਾਈ ਜਾਂਦੀ ਹਨ। ✓

436. ਗੱਟਿਆ ਦੀ ਸਹਾਇਤਾ ਨਾਲ ਪਖਾਵਜ ਦੱਸਿਆ ਤੇ ਢਿੱਲਾ ਕੀਤਾ ਜਾਂਦਾ ਹੈ। ✓

437. ਪਖਾਵਜ ਧਰੁਪਦ, ਧਮਾਰ ਸ਼ੈਲੀ ਨਾਲ਼ ਵਜਾਇਆ ਜਾਂਦਾ ਹੈ। ✓

438. ਕਰਨਾਟ ਦੀ ਸੰਗੀਤ ਵਿੱਚ ਪਖਾਵਜ ਵਜਦਾ ਹੈ। ✓

439. ਪੁੜੀ ਬਕਰੇ ਦੀ ਖੱਲ ਤੋਂ ਬਣਦੀ ਹੈ। ✓

440. ਲੈਅ ਦਾ ਸ਼ਾਬਦਿਕ ਅਰਥ ਗਡੀ ਜਾ ਚਾਲ ਹੈ। ✓

441. ਲੈਅ ਦੋ ਤਰ੍ਹਾਂ ਦੀ ਹੁੰਦੀ ਹੈ। ×

442. ਬਹੁਤ ਧੀਮੀ ਚਾਲ ਨੂੰ ਵਿਲੰਬਿਤ ਲੈਅ ਕਹਿੰਦੇ ਹਨ। ✓

443. ਜੋ ਲੈਅ ਨਾ ਜਾਂਦਾ ਤੇਜਾ ਨਾ ਜਾਂਦਾ ਹੋਲੀ ਹੋਵ ਉਸ ਨੂੰ ਮੱਧ ਲੈਅ ਕਹਿੰਦੇ ਹਨ। ✓

444. ਬਹੁਤ ਤੇਜ਼ ਲੈਅ ਨੂੰ ਦੁਰੱਤ ਲੈਅ ਕਹਿੰਦੇ ਹਨ। ✓

445. ਮੱਧ ਲੈਅ ਵਿੱਚ ਛੋਟਾ ਖਿਆਲ, ਠੁਮੀਰ ਗਾਏ ਜਾਂਦੇ ਹਨ। ✓

446. ਵਿਲੰਬਿਤ ਲੈਅ ਇੱਕਤਾਲ, ਝੱਪਤਾਲ ਵਿੱਚ ਵੱਜਦੀ ਹੈ। ✓

447. ਪਖਾਵਜ ਦੇ ਬੋਲ ਖੁੱਲੇ ਹੁੰਦੇ ਹਨ। ✓

448. ਤਬਲੇ ਦੀ ਬੋਲ ਬੰਦ ਹੁੰਦੇ ਹਨ। ✓

449. ਮੱਧ ਲੈਅ ਨਾਲ ਰੁਪਕ, ਝੱਪਤਾਲ ਵਜਦੀ ਹੈ। ✓

450. ਦਰੁੱਤ ਲੈਅ ਨੂੰ ਤੇਜ ਲੈਅ ਵੀ ਕਹਿੰਦੇ ਹਨ। ✓

451. ਦਰੁੱਤ ਲੈਅ ਵਿੱਚ ਤਬਲਾ, ਛੋਟਾ ਖਿਆਲ ਗਾਏ ਜਾਂਦੇ ਹ ✓

452. ਗਾਇਨ, ਵਾਦਨ ਨਰਿਤ ਨਾਲ ਦਾਲ ਵਜਦੀ ਹੈ। ✓

453. ਨਰਿਤ ਨਾਲ ਤਬਲਾ ਤੇ ਪਖਾਵਜ ਵੱਜਦੇ ਹਨ। ✓

454. ਭਿੰਨ-ਭਿੰਨ ਮਾਤਰਾ ਦੀ ਸਮੂਹ ਨੂੰ ਤਾਲ ਕਹਿੰਦੇ ਹਨ। ✓

455. ਤਾਲ ਦਾ ਸੰਗੀਤ ਨਾਲ ਗੂੜਾ ਸੰਬੰਧ ਹੈ। ✓

456. ਤਾਲ ਦੀ ਉਤਪਤੀ ਡਮਰੂ ਤੇ ਹੋਈ ਹੈ। ✓

457. ਸੰਗੀਤ ਵਿੱਚੋਂ ਤਾਲ ਕੱਢ ਦੇਣ ਤੇ ਤਾ ਸੰਗੀਤ ਸਿਫਰ ਹੋ ਜਾਵੇਗਾ। ✓

458. ਸੰਗੀਤ ਲਿਖਣ ਲਈ ਤਾਲ ਦਾ ਗਿਆਨ ਜ਼ਰੂਰੀ ਹੈ। ✓

459. ਤਾਲ ਦੇ ਮਾਤਰਾ, ਵਿਭਾਗ, ਖਾਲੀ, ਤਾਲੀ ਭਾਗ ਹੁੰਦੇ ਹਨ। ✓

460. ਤਾਲ ਵਿੱਚ × ਦਾ ਚਿੰਨ ਸਮ ਦਾ ਹੈ। ✓

461. ਨ੍ਰਿਤ ਤਾਲ ਕਲਾ ਪ੍ਰਧਾਨ ਹੈ। ✓

462. ਉਸਤਾਦ ਬਹਾਦਰ ਸਿੰਘ ਦਾ ਜਨਮ 1902 ਵਿੱਚ ਹੋਇਆ। ✓

463. ਉਸਤਾਦ ਬਹਾਦਰ ਸਿੰਘ ਪ੍ਰਸਿੱਧ ਤਬਲਾ ਵਾਦਕ ਸਨ। ✓

464. ਉਸਤਾਦ ਬਹਾਦਰ ਸਿੰਘ ਨੇ ਆਪਣੀ ਮੁਢਲੀ ਸਿੱਖਿਆ ਯਤੀਮਖਾਨਾ, ਅੰਮ੍ਰਿਤਸਰ ਤੋਂ ਲਈ। ✓

465. ਉਸਤਾਦ ਬਹਾਦਰ ਸਿੰਘ ਨੇ ਪਹਿਲੀ ਤਬਲੇ ਦੀ ਸਿੱਖਿਆ ਬਾਬਾ ਮਹਿਤਾਬ ਤੋਂ ਲਈ। ✓

466. ਉਸਤਾਦ ਬਹਾਦਰ ਸਿੰਘ ਤਬਲੇ ਦੇ ਨਾਲ ਕੀਰਤਨ ਵੀ ਕਰਦੇ ਸਨ। ✓

467. ਰਣਜੀਤ ਸਿੰਘ ਇਹਨਾਂ ਦੀ ਸ਼ਾਗਿਰਦ ਸਨ ✓

468. ਉਸਤਾਦ ਬਹਾਦਰ ਸਿੰਘ ਦੀ ਮੰਨਪਸੰਦ ਤਾਲ ਝੱਪਤਾਲ, ਆੜਾ ਦੋ ਤਾਲ ✓

469. ਉਸਤਾਦ ਕਾਦਰ ਬਖਸ਼ ਤਬਲਾ ਕਲਾ ਦੇ ਉਸਤਾਦ ਸਨ। ✓

470. ਉਸਤਾਦ ਕਾਦਰ ਬਖਸ਼ ਪੰਜਾਬ ਘਰਾਣੇ ਦੇ ਸਨ। ✓

471. ਉਸਤਾਦ ਕਾਦਰ ਬਖਸ਼ ਦਾ ਜਨਮ ਸਾਲ 1902 ਵਿੱਚ ਹੋਇਆ। ✓

472. ਉਸਤਾਦ ਕਾਦਰ ਬਖਸ਼ ਦਾ ਜਨਮ ਲਾਹੌਰ ਵਿੱਚ ਹੋਇਆ। ✓

473. ਅੱਲਾ ਰੱਖਾ ਖਾਂ ਉਸਤਾਦ ਕਾਦਰ ਬਖਸ਼ ਦੇ ਸ਼ਗਿਰਦ ਸਨ। ✓

474. ਤਾਲ ਵਿੱਚ ਖਾਲੀ ਦਾ ਚਿੰਨ੍ਹ 0 ਹੈ। ✓

475. ਮਾਤਰਾ ਦੀ ਗਿਣਤੀ ਲਈ ਅੰਗ ਗਿਣੇ ਜਾਂਦੇ ਹਨ। ✓

476. ਤਾਲ ਦੇ ਬੋਲਾ ਨੂੰ ਵਿਭਾਗ ਨਾਲ ਨਹੀਂ ਦਰਸਾਇਆ ਜਾਂਦਾ। ☒

477. ਝਪਤਾਲ ਦੀਆਂ 12 ਮਾਤਰਾ ਹਨ। ☒

478. ਝਪਤਾਲ ਵਿੱਚ ਚਾਰ ਤਾਲੀਆ ਹਨ। ☒

479. ਤਿੰਨ ਤਾਲ 16 ਮਾਤਰਾ ਦੀ ਤਾਲ ਹੈ। ☑

480. ਤਾਲੀ ਨੂੰ ਭਰੀ ਵੀ ਕਹਿੰਦੇ ਹਨ। ☑

481. ਦੁਗਣ ਮਾਤਰਾ ਲਈ ਦਾ ਚਿੰਨ ਲੱਗਦਾ ਹੈ। ☑

482. ਤਿੰਨ ਤਾਲ ਨੂੰ ਤ੍ਰਿਤਾਲ ਵੀ ਕਹਿੰਦੇ ਹਨ। ☑

483. ਤਿੰਨ ਤਾਲ ਦੀ 13ਵੀਂ ਮਾਤਰਾ ਤੇ ਤਾ ਦਾ ਬੋਲ ਹੈ। ☑ ☑

484. ਤਿੰਨ ਤਾਲ ਦੇ ਪੰਜ ਵਿਭਾਗ ਹਨ। ☒

485. ਝਪਤਾਲ ਦੀ ਚਾਰ-ਚਾਰ ਮਾਤਰਾ ਦੀ ਵਿਭਾਗ ਹਨ। ☒

486. ਇੱਕਤਾਲ ਦੀਆਂ 12 ਮਾਤਰਾ ਹਨ। ☑

487. ਇੱਕਤਾਲ ਨੂੰ ਯੱਕਾ ਵੀ ਕਹਿੰਦੇ ਹਨ। ☑

488. ਇੱਕਤਾਲ ਵਿੱਚ ਚਾਰ ਤਾਲੀਆ ਹਨ। ☑

489. ਤਿੰਨਤਾਲ ਵਿੱਚ ਤਿੰਨ ਤਾਲੀਆ ਹਨ। ☑

490. ਝਪਤਾਲ ਵਿੱਚ ਤਿੰਨ ਤਾਲੀਆ ਹਨ। ☑

491. ਝਪਤਾਲ ਦੀ ਪ੍ਰਕਿਰਤੀ ਚੰਚਲ ਹੈ। ☑

492. ਸੁਰਲਿੱਪੀ ਵਿੱਚ ਵਿਭਾਗ ਲਈ 1 ਚਿੰਨ ਲੱਗਦਾ ਹੈ। ☑

493. ਸੁਰ ਲਿਪੀ ਵਿੱਚ ਤਾਲ ਵਿੱਚ ਸਮ ਦਾ ਚਿੰਨ × ਹੈ। ☑

494. ਇੱਕ ਤਾਲ ਵਿੱਚ ਦੋ ਖਾਲੀ ਹਨ। ☑

495. ਤਿੰਨ ਤਾਲ ਦਾ ਪ੍ਰਯੋਗ ਸੁਤੰਤਰ ਵਾਦਨ ਵੀ ਹੁੰਦਾ ਹੈ। ☑

496. ਤਿੰਨ ਤਾਲ ਵਿੱਚ ਉਠਾਣ ਵੀ ਵਜਾਇਆ ਜਾਂਦਾ ਹੈ। ☑

497. ਤਿੰਨ ਤਾਲ ਵਿਲੰਬਿਤ, ਮੱਧ, ਦਰੁੱਤ ਲੈਅ ਵਿੱਚ ਵਜਾਈ ਜਾਂਦੀ ਹੈ। ☑

498. ਝੱਪਤਾਲ ਤਬਲੇ ਦੀ ਖੰਡਜਾਤੀ ਦੀ ਪ੍ਰਸਿੱਧ ਤਾਲ ਹੈ। ☑

499. ਇੱਕ ਤਾਲ ਜਿਆਤਾਰ ਵਿਲੰਬਿਤ ਖਿਆਲ ਨਾਲ ਵਜਾਈ ਜਾਂਦੀ ਹੈ। ☑

500. ਇੱਕ ਤਾਲ ਵਿੱਚ ਉਠਾਣ, ਕਾਇਦਾ, ਪਲਟਾ ਵੀ ਵਜਾਏ ਜਾਂਦੇ ਹਨ। ☑

501. ਇੱਕ ਤਾਲ ਦੀ ਦੋ-ਦੋ ਮਾਤਰਾ ਦੇ ਛੇ ਵਿਭਾਗ ਹੁੰਦੇ ਹਨ। ☑

502. ਤਿੰਨ ਤਾਲ ਦੇ ਚਾਰ-ਚਾਰ ਮਾਤਰਾ ਦੇ ਚਾਰ ਵਿਭਾਗ ਹੁੰਦੇ ਹਨ। ✓

503. ਸੁਰ ਲਿੱਪੀ ਵਿੱਚ ਮੰਦ ਦੇ ਸਵਰਾਂ ਲਈ ਸਵਰਾਂ ਦੇ ਹੇਠਾ ਬਿੰਦੀ ਲੱਗਦੀ ਹੈ। ✓

504. ਸ਼ੁਧ ਸਵਰ ਅੱਠ ਹਨ। ×

505. ਸ਼ੁਧ ਸਵਰ ਸੱਤ ਹਨ। ✓

506. ਸੁਰ ਲਿੱਪੀ ਵਿੱਚ ਸੁਰਾਂ ਦੇ ਉੱਪਰ ਬਿੰਦੀ ਦਾ ਚਿੰਨ ਲੱਗਦਾ ਹੈ। ✓

ਬਹੁ-ਭਾਂਤੀ ਪ੍ਰਸ਼ਨ

ਪ੍ਰ.507: ਸਮ ਕਿਹੜੀ ਮਾਤਰਾ ਤੇ ਹੁੰਦਾ ਹੈ?

(ੳ) 2 (ਅ) 3 (ੲ) 1 (ਸ) 4

ਉ: (ੲ) 1

ਪ੍ਰ.508: ਸਮ ਦੀ ਨਿਸ਼ਾਨੀ

(ੳ) X (ਅ) 0 (ੲ) – (ਸ) ।

ਉ: (ੳ) X

ਪ੍ਰ.509: ਸਮ ਇਕ ਤਰਾ ਦਾ

(ੳ) ਥਪੜ (ਅ) ਮੁਠੀ (ੲ) ਤਾਲੀ (ਸ) ਅਵਾਜ

ਉ: (ੲ) ਤਾਲੀ

ਪ੍ਰ.510: ਸੰਗੀਤ ਵਿੱਚ ਸਮ ਤਾਲ ਦਾ

(ੳ) ਜਾਨ (ਅ) ਪ੍ਰਾਣ (ੲ) ਸਾਹ (ਸ) ਦਿਨ

ਉ: (ਅ) ਪ੍ਰਾਣ

ਪ੍ਰ.5: ਜਦੋਂ ਗੀਤ ਦਾ ਅਰੰਭ ਤਾਲ ਤੋਂ ਪਹਿਲਾ ਹੋਵੇ

(ੳ) ਅਨਾਗਤ (ਅ) ਅਤੀਤ (ੲ) ਉਠਾਣ (ਸ) ਨਗਮਾ

ਉ: (ਅ) ਅਤੀਤ

ਪ੍ਰ.511: ਨਗਮਾ ਕਿਸ ਭਾਸ਼ਾ ਦਾ ਸ਼ਬਦ ਹੈ

(ੳ) ਅੰਗਰੇਜ਼ੀ (ਅ) ਫਾਰਸੀ (ੲ) ਰੋਮਨ (ਸ) ਪੰਜਾਬੀ

ਉ: (ਅ) ਫਾਰਸੀ

ਪ੍ਰ.512: ਨਗਮੇ ਦਾ ਦੂਸਰਾ ਨਾਂ

(ੳ) ਲਹਿਰਾ (ਅ) ਟੁਕੜਾ (ੲ) ਉਠਾਣ (ਸ) ਨਗਮਾ

ਉ: (ੳ) ਲਹਿਰਾ

ਪ੍ਰ.513: ਨਗਮਾ ਕਿੰਨੇ ਆਵਰਤਨ ਦਾ ਹੁੰਦਾ ਹੈ?

(ੳ) 2 (ਅ) 4 (ੲ) 1 (ਸ) 2

ਉ: (ਅ) 4

ਪ੍ਰ.514: ਉਠਾਣ ਦਾ ਅਰਥ ਹੈ

(ੳ) ਉਠਣਾ (ਅ) ਲੇਟਣਾ (ੲ) ਖੜਨਾ (ਸ) ਬੈਠਣਾ

ਉ: (ੳ) ਉਠਣਾ

ਪ੍ਰ.515: ਉਠਾਣ ਕਿਹੜੇ ਬੋਲਾ ਵਿੱਚ ਵਜਾਈ ਜਾਂਦੀ ਹੈ?

(ੳ) ਭੀੜੇ ਬੋਲ (ਅ) ਨੀਵੇ ਬੋਲ (ੲ) ਉੱਚੇ ਬੋਲ (ਸ) ਖੁੱਲ੍ਹੇ ਬੋਲ

ਉ: (ਸ) ਖੁੱਲ੍ਹੇ ਬੋਲ

ਪ੍ਰ.516: ਉਠਾਣ ਕਿਸ ਤੇ ਵਜਾਈ ਜਾਂਦੀ ਹੈ?

(ੳ) ਸਿਤਾਰ (ਅ) ਸਾਰੰਗੀ (ੲ) ਢੱਡ (ਸ) ਤਬਲਾ

ਉ: (ਸ) ਤਬਲਾ

ਪ੍ਰ.517: ਉਠਾਣ ਕਿਸ ਤੇ ਖ਼ਤਮ ਹੁੰਦੀ ਹੈ

(ੳ) ਦੁਗਣ (ਅ) ਪਹਿਲੀ (ੲ) ਚੌਥੀ (ਸ) ਤੀਜੀ

ਉ: (ੳ) ਦੁਗਣ

ਪ੍ਰ.518: ਉਠਾਣ ਕਿੱਥੋ ਵਜਾਈ ਜਾਂਦੀ ਹੈ

(ੳ) ਰੇਲੇ (ਅ) ਠੇਕੇ (ੲ) ਤਾਲ (ਸ) ਸਮ

ਉ: (ਅ) ਠੇਕੇ

ਪ੍ਰ.519: ਕਾਈਦੇ ਦੀ ਰਚਨਾ ਕਿਸ ਅਨੁਸਾਰ ਹੁੰਦੀ ਹੈ?

(ੳ) ਮਾਤਰਾ (ਅ) ਵਿਭਾਗ (ੲ) ਤਾਲੀ (ਸ) ਸਵਰ

ਉ: (ਅ) ਵਿਭਾਗ

ਪ੍ਰ.520: ਕਾਇਦੇ ਦੇ ਬੋਲ 2, 3, 5 ਮਾਤਰਾ ਦੇ ਹੁੰਦੇ ਹਨ।

(ੳ) ਗਲਤ (ਅ) ਸਹੀ (ੲ) ਬਰਾਬਰ (ਸ) ਕੋਈ ਨਹੀਂ

ਉ: (ਅ) ਸਹੀ

ਪ੍ਰ.521: ਕਾਇਦੇ ਕਿਹੜੇ ਬੋਲ ਵਿੱਚ ਹੁੰਦੇ ਹਨ।

(ੳ) ਸ਼ੁੱਧ (ਅ) ਅਸ਼ੁੱਧ (ੲ) ਕੋਮਲ (ਸ) ਤੀਵਰ

ੳ: (ੳ) ਸ਼ੁੱਧ

ਪ੍ਰ.522: ਕਾਇਦਾ ਇੱਕ ਜਾਂ ਦੋ ਆਵਰਤਨ ਦਾ ਹੁੰਦਾ ਹੈ

(ੳ) ਠੀਕ (ਅ) ਗਲਤ (ੲ) ਕੋਈ ਨਹੀਂ (ਸ) ਬਰਾਬਰ

ੳ: (ੳ) ਠੀਕ

ਪ੍ਰ.523: ਪਲਟੇ ਦਾ ਅਰਥ ਹੈ

(ੳ) ਪਲਟਣਾ (ਅ) ਉਲਟਣਾ (ੲ) ਬੈਠਣਾ (ਸ) ਖੜਨਾ

ੳ: (ਅ) ਉਲਟਣਾ

ਪ੍ਰ.524: ਕਾਇਦੇ ਦੇ ਉਲਟੇ ਬੋਲਾ ਨੂੰ ਕੀ ਕਹਿੰਦੇ ਹਨ?

(ੳ) ਨਗਮਾ (ਅ) ਪਲਟਾ (ੲ) ਉਠਾਣ (ਸ) ਰੇਸਾ

ੳ: (ਅ) ਪਲਟਾ

ਪ੍ਰ.525: ਕਾਇਦੇ ਦਾ ਪ੍ਰਯੋਗ ਕਿਸ ਤੇ ਹੁੰਦਾ ਹੈ?

(ੳ) ਢੋਲ (ਅ) ਢੋਲਕੀ (ੲ) ਚਿਮਟਾ (ਸ) ਤਬਲਾ

ੳ: (ਸ) ਤਬਲਾ

ਪ੍ਰ.526: ਤਬਲਾ ਮਿਲਾਨ ਲਈ ਕਿਸ ਦੀ ਜ਼ਰੂਰਤ ਹੈ।

(ੳ) ਤਾਲ (ਅ) ਸਵਰਗਿਆਨ (ੲ) ਸ (ਸ) ਰਾਗ

ੳ: (ਅ) ਸਵਰਗਿਆਨ

ਪ੍ਰ.527: ਤਬਲਾ ਮਿਲਾਣ ਲਈ ਕਿਸ ਦੀ ਵਰਤੋਂ ਕੀਤੀ ਜਾਂਦੀ ਹੈ?

(ੳ) ਹਥੋੜੀ (ਅ) ਛੈਣੀ (ੲ) ਲੱਕੜੀ (ਸ) ਇੱਟ

ੳ: (ੳ) ਹਥੋੜੀ

ਪ੍ਰ.528:ਤਬਲਾ ਕੀ ਦਿੰਦਾ ਹੈ?

(ੳ) ਸਵਰ (ਅ) ਤਾਲ (ੲ) ਲੈਅ (ਸ) ਸਪਤਕ

ੳ: (ਅ) ਤਾਲ

ਪ੍ਰ.529: ਤਬਲੇ ਦੇ ਕਿੰਨੇ ਭਾਗ ਹੁੰਦੇ ਹਨ?

(ੳ) ਤਿੰਨ (ਅ) ਚਾਰ (ੲ) ਇੱਕ (ਸ) ਦੋ

ਉ: (ਸ) ਦੋ

ਪ੍ਰ.530: ਤਬਲਾ ਕਿਹੜਾ ਵਾਦ ਹੈ?

(ੳ) ਸ਼ਸ਼ਿਰ (ਅ) ਅਵੱਨਧ (ੲ) ਘਨ (ਸ) ਤੱਤ

ਉ: (ੳ) ਸ਼ਸ਼ਿਰ

ਪ੍ਰ.531: ਤਬਲੇ ਨੂੰ ਹੋਰ ਕਿਹੜੇ ਨਾ ਨਾਲ ਜਾਣਿਆ ਜਾਂਦਾ ਹੈ?

(ੳ) ਤਬਲੀ (ਅ) ਜੋੜੀ (ੲ) ਸਿਹਾਹੀ (ਸ) ਚਾਟੀ

ਉ: (ਅ) ਜੋੜੀ

ਪ੍ਰ.532: ਸੱਜੇ ਤਬਲੇ ਨੂੰ ਕੀ ਕਹਿੰਦੇ ਹਨ?

(ੳ) ਚੱਟੂ (ਅ) ਪੁੜੀ (ੲ) ਸਿਹਾਹੀ (ਸ) ਚਾਟੀ

ਉ: (ੳ) ਚੱਟੂ

ਪ੍ਰ.533: ਤਬਲਾ ਕਿਹੜੀ ਸਦੀ ਵਿੱਚ ਪ੍ਰਚਾਰ ਵਿੱਚ ਆਇਆ

(ੳ) 16 ਵੀਂ (ਅ) 18 ਵੀਂ (ੲ) 19 ਵੀਂ (ਸ) 20 ਵੀਂ

ਉ: (ਅ) 18 ਵੀਂ

ਪ੍ਰ.534: ਖੱਭਾ ਤਬਲ ਕਿਸ ਚਿੱਜ ਦਾ ਬਣਿਆ ਹੁੰਦਾ ਹੈ?

(ੳ) ਮਿੱਟੀ (ਅ) ਲਕੜੀ (ੲ) ਤਾਬਾਂ (ਸ) ਲੋਹਾ

ਉ: (ਸ) ਲੋਹਾ

ਪ੍ਰ.535: ਤਬਲਾ ਵਾਦਕ ਨੂੰ ਕੀ ਕਹਿੰਦੇ ਹਨ?

(ੳ) ਸੋਲੋ ਵਾਦਕ (ਅ) ਜੋੜੀਦਾਰ (ੲ) ਤਿੰਦਾਰ (ਸ) ਚੋਦਾਰ

ਉ: (ੳ) ਸੋਲੋ ਵਾਦਕ

ਪ੍ਰ.536: ਪੁੜੇ ਵਿਚਕਾਰ ਕੀ ਲਗਾਈ ਜਾਂਦੀ ਹੈ?

(ੳ) ਮਿੱਟੀ (ਅ) ਲਾਲ ਰੰਗ (ੲ) ਸਿਆਹੀ (ਸ) ਹਰਾ ਰੰਗ

ਉ: (ੲ) ਸਿਆਹੀ

ਪ੍ਰ.537: ਗਜਰਾ ਕਿਸ ਚਿਜ ਦਾ ਬਣਿਆ ਹੁੰਦਾ ਹੈ।

(ੳ) ਧਾਗੇ (ਅ) ਪਲਾਸਟਿ (ੲ) ਰਿਬਨ (ਸ) ਚਮੜੇ

ਉ: (ਸ) ਚਮੜੇ

ਪ੍ਰ.538: ਗਜਰੇ ਵਿੱਚ ਕਿੰਨੇ ਛੇਕ ਹੁੰਦੇ ਹਨ

(ੳ) 11 (ਅ) 10 (ੲ) 9 (ਸ) 16

ੳ: (ਸ) 16

ਪ੍ਰ.539: ਤਬਲੇ ਦੇ ਹੇਠਾ ਕੀ ਰੱਖਿਆ ਜਾਂਦਾ ਹੈ?

(ੳ) ਬਿਨਾ (ਅ) ਲਕੜੀ ਦਾ ਟੁਕੜਾ (ੲ) ਪੁਲਾਸਟਿਕ (ਸ) ਲੋਹਾ

ੳ: (ੳ) ਬਿਨਾ

ਪ੍ਰ.540: ਬਿਨਾ ਕਿਸ ਚਿਜ ਦਾ ਬਣਿਆ ਹੁੰਦਾ ਹੈ।

(ੳ) ਕਪੜੇ (ਅ) ਲੋਹੇ (ੲ) ਲਕੜੀ (ਸ) ਚਮੜੇ

ੳ: (ੳ) ਕਪੜੇ

ਪ੍ਰ.541: ਬੱਧਗੀ ਕਿਸ ਚਿਜ ਦੀ ਬਣੀ ਹੁੰਦੀ ਹੈ?

(ੳ) ਪਲਾਸਟਿਕ (ਅ) ਧਾਗੇ (ੲ) ਕਪੜਾ (ਸ) ਚਮੜੇ

ੳ: (ਸ) ਚਮੜੇ

ਪ੍ਰ.542: ਪਖਾਵਜ ਕਿੱਥੋ ਦਾ ਸਾਜ ਹੈ

(ੳ) ਰਹਿਆਣਾ (ਅ) ਪੰਜਾਬ (ੲ) ਦਿੱਲੀ (ਸ) ਭਾਰਤੀ

ੳ: (ਸ) ਭਾਰਤੀ

ਪ੍ਰ.543: ਪਖਾਵਜ ਦੀ ਅਵਹਜ ਕਿਸ ਤਰ੍ਹਾਂ ਦੀ ਹੁੰਦੀ ਹੈ

(ੳ) ਪਤਲੀ (ਅ) ਭਾਰੀ (ੲ) ਗੰਭੀਰ (ਸ) ਬੁਲੰਦ

ੳ: (ਸ) ਬੁਲੰਦ

ਪ੍ਰ.544: ਪਖਾਵਜ ਦਾ ਪ੍ਰਯੋਗ ਜਿਆਦਾ ਕਿੱਥੇ ਹੁੰਦਾ ਹੈ

(ੳ) ਉੱਤਰੀ ਭਾਰਤ (ਅ) ਦਿੱਲੀ (ੲ) ਪੰਜਾਬ (ਸ) ਕਰਨਾਟਕੀ ਸੰਗੀਤ

ੳ: (ਸ) ਕਰਨਾਟਕੀ ਸਿਆਹੀ

ਪ੍ਰ.545: ਪਖਾਵਜ ਵਜਾਉਣ ਵਾਲੇ ਨੂੰ ਕੀ ਕਹਿੰਦੇ ਹਨ?

(ੳ) ਪਖਾਵਜੀ (ਅ) ਤਬਲਚੀ (ੲ) ਢੋਲਕੀ ਮਾਸਟਰ (ਸ) ਸਿਤਾਰ ਵਾਦਕ

ੳ: (ੳ) ਪਖਾਵਜੀ

ਪ੍ਰ.546: ਭੁਲੇਖੇ ਨਾਲ ਦੂਜੀ ਥਾਂ ਤੇ ਸਮ ਲਾਉਣ ਨੂੰ ਕੀ ਕਹਿੰਦੇ ਹਨ

(ੳ) ਅਤੀਤ (ਅ) ਅਨਾਗਤ (ੲ) ਸਮ (ਸ) ਤਾਲੀ

ੳ: (ੳ) ਅਤੀਤ

ਪ੍ਰ.547: ਸਮ ਤੋਂ ਪਹਿਲਾ ਭੁਲੇਖੇ ਨਾਲ ਸਮ ਸਮਝਣ ਨੂੰ ਕੀ ਕਹਿੰਦੇ ਹਨ

(ੳ) ਅਤੀਤ (ਅ) ਅਨਾਗਤ (ੲ) ਲੈਅ (ਸ) ਤਾਲ

ੳ: (ਅ) ਅਨਾਗਤ

ਪ੍ਰ.548: ਸਮ ਨੂੰ ਨਾ ਸਮਝ ਕੇ ਅੱਗੇ ਪਿਛੇ ਸਮ ਲਗਾਉਣ ਨੂੰ ਕੀ ਕਹਿੰਦੇ ਹਨ।

(ੳ) ਲੈਅ (ਅ) ਤਾਲ (ੲ) ਸਮ (ਸ) ਵਿਸ਼ਮਾ

ੳ: (ਸ) ਵਿਸ਼ਮਾ

ਪ੍ਰ.549: ਪੁੜੀ ਕਿਸ ਤੋਂ ਬਣੀ ਹੁੰਦੀ ਹੈ

(ੳ) ਬਕਰੇ ਦੀ ਖੱਲ ਤੋਂ (ਅ) ਧਾਗੇ ਤੋਂ (ੲ) ਕੱਪੜੇ ਤੋਂ (ਸ) ਕਿਸੀ ਤੋਂ ਨਹੀਂ

ੳ: (ੳ) ਬਕਰੇ ਦੀ ਖੱਲ ਤੋਂ

ਪ੍ਰ.550: ਲੈਅ ਕਿੰਨੇ ਪ੍ਰਕਾਰ ਦੀ ਹੈ?

(ੳ) 1 (ਅ) 2 (ੲ) 3 (ਸ) 4

ੳ: (ੲ) 3

ਪ੍ਰ.551: ਬਹੁਤ ਧੀਮੀ ਚਾਲ ਨੂੰ ਕੀ ਕਹਿੰਦੇ ਹਨ?

(ੳ) ਦਰੁਤ (ਅ) ਮੱਧ (ੲ) ਵਿਲੰਬਿਤ (ਸ) ਕੁਝ ਨਹੀਂ

ੳ: (ੲ) ਵਿਲੰਬਿਤ

ਪ੍ਰ.552: ਬਰਾਬਰ ਦੀ ਚਾਲ ਨੂੰ ਕੀ ਕਹਿੰਦੇ ਹਨ?

(ੳ) ਦਰੁੱਤ (ਅ) ਕੋਈ ਨਹੀਂ (ੲ) ਮੱਧ ਲੈਅ (ਸ) ਵਿਲੰਬਿਤ

ੳ: (ੲ) ਮੱਧ ਲੈਅ

ਪ੍ਰ.553: ਬਹੁਤ ਤੇਜ ਲੈਅ ਨੂੰ ਦਰੁੱਤ ਲੈਅ ਕਹਿੰਦੇ ਹਨ

(ੳ) ਸਹੀ (ਅ) ਗਲਤ (ੲ) ਕੋਈ ਨਹੀਂ (ਸ) ਬਰਾਬਰ

ੳ: (ੳ) ਸਹੀ

ਪ੍ਰ.554: ਪਖਾਵਜ ਦੇ ਬੋਲ ਕਿਹੋ ਜਿਹੇ ਹੁੰਦੇ ਹਨ।

(ੳ) ਬੰਦ (ਅ) ਤੰਗ (ੲ) ਖੁੱਲੇ (ਸ) ਕੋਈ ਨਹੀਂ

ੳ: (ੲ) ਖੁੱਲੇ

ਪ੍ਰ.555: ਗਾਇਨ, ਵਾਦਨ, ਨਰਿਤ ਨਾਲ ਕੀ ਵੱਜਦੀ ਹੈ

(ੳ) ਸਮ (ਅ) ਤਾਲ (ੲ) ਸ (ਸ) ਖਾਲੀ

ਉ: (ਅ) ਤਾਲ

ਪ੍ਰ.556: ਸ਼ਾਸ਼ਤਰੀ ਨਰਿਤ ਨਾਲ ਕੀ ਵੱਜਦਾ ਹੈ?

(ੳ) ਢੋਲਕੀ (ਅ) ਢੋਲ (ੲ) ਤਬਲਾ ਤੇ ਪਖਾਵਜ (ਸ) ਚਿਮਟਾ

ਉ: (ੲ) ਤਬਲਾ ਤੇ ਪਖਾਵਜ

ਪ੍ਰ.557: ਸੰਗੀਤ ਲਿਖਣ ਲਈ ਕਿਸ ਜਿਜ ਦੀ ਜ਼ਰੂਰਤ ਹੈ?

(ੳ) ਖਾਲੀ (ਅ) ਮਾਤਰਾ (ੲ) ਤਾਲ ਦਾ ਗਿਆਨ (ਸ) ਕੁਝ ਨਹੀਂ

ਉ: (ੲ) ਤਾਲ ਦਾ ਗਿਆਨ

ਪ੍ਰ.558: ਤਾਲ ਦੀ ਉਤਪਤੀ ਕਿਸ ਤੋਂ ਹੋਈ

(ੳ) ਡਮਰੂ (ਅ) ਤਬਲਾ (ੲ) ਢੋਲ (ਸ) ਢੋਲਕੀ

ਉ: (ੳ) ਡਮਰੂ

ਪ੍ਰ.559: ਭਿੰਨ-ਭਿੰਨ ਮਾਤਰਾ ਦੀ ਸਮੂਹ ਨੂੰ ਕੀ ਕਹਿੰਦੀ ਹਨ?

(ੳ) ਤਾਲ (ਅ) ਸ (ੲ) ਖਾਲੀ (ਸ) ਤਾਲੀ

ਉ: (ੳ) ਤਾਲ

ਪ੍ਰ.560: ਤਾਲ ਦਾ ਸੰਗੀਤ ਨਾਲ ਕਿਹੋ ਜਿਹਾ ਸੰਬੰਧ ਹੈ?

(ੳ) ਫਿਕਾ (ਅ) ਗੂੜਾ (ੲ) ਨਾ ਮਾਤਰ (ਸ) ਕੋਈ ਨਹੀਂ

ਉ: (ਅ) ਗੂੜਾ

ਪ੍ਰ.561: ਉਸਤਾਦ ਬਹਾਦਰ ਸਿੰਘ ਦਾ ਜਨਮ ਕਦੋਂ ਹੋਇਆ?

(ੳ) 1947 (ਅ) 1902 (ੲ) 1904 (ਸ) 1905

ਉ: (ਅ) 1902

ਪ੍ਰ.562: ਉਸਤਾਦ ਬਹਾਦਰ ਸਿੰਘ ਇਕ ਪ੍ਰਸਿੱਧ ਵਾਦਕ ਸਨ

(ੳ) ਤਬਲਾ (ਅ) ਪਖਾਵਜ (ੲ) ਸਰੋਤ (ਸ) ਸਿਤਾਰ

ਉ: (ੳ) ਤਬਲਾ

ਪ੍ਰ.563: ਉਸਤਾਦ ਬਹਾਦਰ ਸਿੰਘ ਹੋਰ ਕੀ ਕਰਦੇ ਸਨ।

(ੳ) ਕੀਰਤਨ (ਅ) ਭਜਨ (ੲ) ਲੋਕ ਗੀਤ (ਸ) ਕੋਈ ਨਹੀਂ

ਉ: (ੳ) ਕੀਰਤਨ

ਪ੍ਰ.564: ਉਸਤਾਦ ਬਹਾਦਰ ਸਿੰਘ ਦੇ ਸ਼ਗਿਰਦ ਦਾ ਨਾਂ

(ੳ) ਮਨਜੀਤ ਸਿੰਘ (ਅ) ਰਣਜੀਤ ਸਿੰਘ (ੲ) ਸੋਹਣ ਸਿੰਘ (ਸ) ਮੋਹਣ ਸਿੰਘ

ਉ: (ਅ) ਰਣਜੀਤ ਸਿੰਘ

ਪ੍ਰ.565: ਉਸਤਾਦ ਕਾਦਰ ਬਖਸ਼ ਇਕ ਪ੍ਰਸਿੱਧ ਕੀ ਸਨ

(ੳ) ਤਬਲਾ ਵਾਦਕ (ਅ) ਪਖਾਵਚੀ (ੲ) ਸਰੋ ਵਾਦਕ (ਸ) ਸਿਤਾਰ ਵਾਦਕ

ਉ: (ੳ) ਤਬਲਾ ਵਾਦਕ

ਪ੍ਰ.566: ਅੱਲਾ ਰੱਖਾ ਖਾਂ ਇਹਨਾਂ ਦੇ ਸ਼ਗਿਰਦ ਸਨ?

(ੳ) ਗਲਤ (ਅ) ਸਹੀ (ੲ) ਕੋਈ ਨਹੀਂ (ਸ) ਨਹੀਂ

ਉ: (ਅ) ਸਹੀ

ਪ੍ਰ.567: ਤਾਲ ਵਿੱਚ ਖਾਲੀ ਦਾ ਚਿੰਨ੍ਹ ਕੀ ਹੈ?

(ੳ) 0 (ਅ) × (ੲ) – (ਸ) 2

ਉ: (ੳ) 0

ਪ੍ਰ.568: ਤਾਲ ਵਿੱਚ ਵਿਭਾਗ ਦਾ ਚਿੰਨ੍ਹ ਕੀ ਹੈ?

(ੳ) 0 (ਅ) 2 (ੲ) – (ਸ) 1

ਉ: (ਸ) 1

ਪ੍ਰ.569: ਸਵਰ ਵਿੱਚ ਕੋਮਲ ਦਾ ਚਿੰਨ੍ਹ ਕੀ ਹੈ?

(ੳ) (–) (ਅ) 0 (ੲ) × (ਸ) ਕੋਈ ਨਹੀਂ

ਉ: (ੳ) (–)

ਪ੍ਰ.570: ਤੀਵਰ ਸਵਰ ਦੇ ਉਪਰ ਖੜੀ ਰੇਖਾ ਲਗਾਈ ਜਾਂਦੀ ਹੈ।

(ੳ) ਮੇ (ਅ) ਮੁ (ੲ) ਮੋ (ਸ) ਮ–

ਉ: (ੳ) ਮੇ

ਪ੍ਰ.571: ਦੁਗਣ ਮਾਤਰਾ ਲਈ ਕਿਹੜਾ ਚਿੰਨ੍ਹ ਲੱਗਦਾ ਹੈ?

(ੳ) u (ਅ) × (ੲ) 0 (ਸ) –

ਉ: (ੳ) u

ਪ੍ਰ.572: ਤਿੰਨ ਤਾਲ ਕਿੰਨੀ ਮਾਤਰਾ ਦੀ ਤਾਲ ਹੈ?

(ੳ) 10 (ਅ) 16 (ੲ) 9 (ਸ) 11

ਉ: (ਅ) 16

ਪ੍ਰ.573: ਝਪਤਾਲ ਦੇ ਕਿੰਨੇ ਵਿਭਾਗ ਹਨ?

(ੳ) 2 (ਅ) 3 (ੲ) 4 (ਸ) 5

ੳ: (ੲ) 4

ਪ੍ਰ.574: ਤਿੰਨ ਤਾਲ ਦੇ ਕਿੰਨੇ ਵਿਭਾਗ ਹਨ?

(ੳ) 4 (ਅ) 3 (ੲ) 2 (ਸ) 1

ੳ: (ੳ) 4

ਪ੍ਰ.575: ਤਿੰਨ ਤਾਲ ਨੂੰ ਹੋਰ ਕੀ ਕਹਿੰਦੇ ਹਨ।

(ੳ) ਤ੍ਰਿਤਾਲ (ਅ) ਚਾਰ ਤਾਲ (ੲ) ਇਕਤਾਲ (ਸ) ਝੱਪਤਾਲ

ੳ: (ੳ) ਤ੍ਰਿਤਾਲ

ਪ੍ਰ.576: ਤਿੰਨ ਤਾਲ ਦੀ ਕਿਹੜੀ ਮਾਤਰਾ ਖਾਲੀ ਹੈ

(ੳ) 10 (ਅ) 9 (ੲ) 8 (ਸ) 7

ੳ: (ਅ) 9

ਪ੍ਰ.577: ਝੱਪ ਤਾਲ ਦੀ ਕਿਹੜੀ ਮਾਤਰਾ ਖਾਲੀ ਹੈ।

(ੳ) 6 (ਅ) 7 (ੲ) 8 (ਸ) 9

ੳ: (ੳ) 6

ਪ੍ਰ.578: ਤਿੰਨ ਤਾਲ ਵਿੱਚ ਕਿੰਨੀਆਂ ਤਾਲੀਆਂ ਹਨ

(ੳ) ਤਿੰਨ (ਅ) ਚਾਰ (ੲ) ਇੱਕ (ਸ) ਕੋਈ ਨਹੀਂ

ੳ: (ੳ) ਤਿੰਨ

ਪ੍ਰ.579: ਇੱਕ ਤਾਲ ਕਿੰਨੇ ਮਾਤਰਾ ਦੀ ਤਾਲ ਹੈ।

(ੳ) 12 (ਅ) 10 (ੲ) 9 (ਸ) 8

ੳ: (ੳ) 12

ਪ੍ਰ.580: ਇੱਕ ਤਾਲ ਦੇ ਕਿੰਨੇ ਵਿਭਾਗ ਹਨ।

(ੳ) 6 (ਅ) 7 (ੲ) 8 (ਸ) 9

ੳ: (ੳ) 6

ਪ੍ਰ.581: ਇੱਕ ਤਾਲ ਵਿੱਚ ਕਿੰਨੀਆ ਖਾਲੀ ਹਨ।

(ੳ) 3 (ਅ) 1 (ੲ) 2 (ਸ) 4

ਉ: (ੲ) 2

ਪ੍ਰ.582: ਇੱਕ ਤਾਲ ਦੇ ਕਿੰਨੀ-ਕਿੰਨੀ ਮਾਤਰਾ ਦੇ ਵਿਭਾਗ ਹਨ?

(ੳ) 2 (ਅ) 3 (ੲ) 4 (ਸ) 5

ਉ: (ੳ) 2

ਪ੍ਰ.583: ਤਿੰਨ ਤਾਲ ਦੇ ਕਿੰਨੀ-ਕਿੰਨੀ ਮਾਤਰਾ ਦੇ ਸਮ ਹਨ?

(ੳ) 4 (ਅ) 2 (ੲ) 3 (ਸ) 5

ਉ: (ੳ) 4

ਪ੍ਰ.584: ਤਿੰਨ ਤਾਲ ਵਿੱਚ ਉਠਾਣ ਵੀ ਵਜਾਇਆ ਜਾਂਦਾ ਹੈ

(ੳ) ਹਾਂ (ਅ) ਨਹੀਂ (ੲ) ਬਿੱਲ ਕੁਲ ਨਹੀਂ (ਸ) ਕੋਈ ਨਹੀਂ

ਉ: (ੳ) ਹਾਂ

ਪ੍ਰ.585: ਤਬਲੇ ਦੇ ਬੋਲ ਕਿਹੋ ਜਿਹੇ ਹੁੰਦੇ ਹਨ?

(ੳ) ਬੰਦ (ਅ) ਤਿੱਖੇ (ੲ) ਖੁੱਲੇ (ਸ) ਕੋਈ ਨਹੀਂ

ਉ: (ੲ) ਖੁੱਲੇ

ਪ੍ਰ.586: ਮੱਧ ਲੈਅ ਤੋਂ ਦੁਗਣੀ ਲੈਅ ਨੂੰ ਕੀ ਗਹਿੰਦੇ ਹਨ?

(ੳ) ਮੱਧ (ਅ) ਦਰੁੱਤ (ੲ) ਵਿਲੰਬਿਤ (ਸ) ਕੋਈ ਨਹੀਂ

ਉ: (ਅ) ਦਰੁੱਤ

ਪ੍ਰ.587: ਤਾਲੀ ਨੂੰ ਹੋਰ ਕੀ ਕਹਿੰਦੇ ਹਨ?

(ੳ) ਖਾਲੀ (ਅ) ਭਰੀ (ੲ) ਉੱਚੀ (ਸ) ਨੀਵੀ

ਉ: (ਅ) ਭਰੀ

ਪ੍ਰ.588: ਨਰਿਤ ਕਿਹੜੀ ਪ੍ਰਧਾਨ ਕਲਾ ਹੈ?

(ੳ) ਤਾਲ (ਅ) ਸ (ੲ) ਖਾਲੀ (ਸ) ਤਾਲੀ

ਉ: (ੳ) ਤਾਲ

ਪ੍ਰ.589: ਝਪ ਤਾਲ ਦੀ ਛੇਵੀਂ ਮਾਤਰਾ ਤੇ ਕਿਹੜਾ ਬੋਲ ਆਉਂਦਾ ਹੈ?

(ੳ) ਇੰ (ਅ) ਤਿੰ (ੲ) ਧਾ (ਸ) ਤਿਰਕਟ

ਉ: (ਅ) ਤਿੰ

ਪ੍ਰ.590: ਇੱਕ ਤਾਲ ਦੀ ਕਿਹੜੀ ਮਾਤਰਾ ਤੇ ਖਾਲੀ ਹੈ?

(ੳ) 1-5 (ਅ) 3-7 (ੲ) 4-5 (ਸ) 1-2

ੳ: (ਅ) 3-7

ਪ੍ਰ.591: ਇਕ ਤਾਲ ਕਿਹੜੇ ਗਾਇਨ ਨਾਲ ਜਾਦਾਂ ਵਜਾਈ ਜਾਂਦੀ ਹੈ।

(ੳ) ਛੋਟਾ ਖਿਆਲ (ਅ) ਸ਼ਬਦ (ੲ) ਲੋਕ ਗੀਤ (ਸ) ਵੱਡਾ ਖਿਆਲ

ੳ:

ਪ੍ਰ.592: ਇੱਕ ਤਾਲ ਦੀ ਬਰਾਬਰ ਮਾਤਰਾ ਦੀ ਤਾਲ ਕਿਹੜੀ ਹੈ?

(ੳ) ਚਾਰ ਤਾਲ (ਅ) ਤਿੰਨ ਤਾਲ (ੲ) ਝਪਤਾਲ (ਸ) ਕੋਈ ਨਹੀਂ

ੳ: (ੳ) ਚਾਰ ਤਾਲ

ਪ੍ਰ.593: ਉਸਤਾਦ ਬਹਾਦਰ ਸਿੰਘ ਦਾ ਸੁਭਾਅ ਕਿਹੋ ਜਿਹਾ ਸੀ।

(ੳ) ਮਿਹਨਤੀ ਤੇ ਨਰਮ (ਅ) ਗੁਸੈਲਾ (ੲ) ਨਰਮ (ਸ) ਕੋਈ ਨਹੀਂ

ੳ: (ੳ) ਮਿਹਨਤੀ ਤੇ ਨਰਮ

ਪ੍ਰ.594: ਉਸਤਾਦ ਬਹਾਦਰ ਸਿੰਘ ਲਾਹੌਰ ਰੇਡਿਊ ਤੇ ਕਦੋਂ ਨਿਯੁਕਤ ਹੋਏ।

(ੳ) 1947 (ਅ) 1937 (ੲ) 1950 (ਸ) 1946

ੳ: (ਅ) 1937

ਪ੍ਰ.595: 1947 ਦੀ ਵੰਡ ਤੋਂ ਬਾਅਦ ਉਸਤਾਦ ਬਹਾਦਰ ਸਿੰਘ ਕਿੱਥੇ ਨਿਯੁਕਤ ਹੋਏ।

(ੳ) ਲਹੋਰ (ਅ) ਦਿੱਲੀ (ੲ) ਜਲੰਧਰ ਰੇਡਿਉ ਤੇ (ਸ) ਕੋਈ ਨਹੀਂ

ੳ: (ੲ) ਜਲੰਧਰ ਰੇਡਿਉ ਤੇ

ਪ੍ਰ.596: ਉਸਤਾਦ ਬਹਾਦਰ ਕਿਸ ਚਿਜ ਦੀ ਕਦਰ ਕਰਦੇ ਸੀ?

(ੳ) ਸਮੇਂ (ਅ) ਚਾਲ (ੲ) ਵਕਤ (ਸ) ਕੋਈ ਨਹੀਂ

ੳ: (ੳ) ਸਮੇਂ

ਪ੍ਰ.597: ਉਸਤਾਦ ਬਹਾਦਰ ਤਬਰਾ ਸਵਰ ਕਿਸ ਤਰ੍ਹਾਂ ਕਰਦੇ ਸਨ।

(ੳ) ਮੱਧਮ ਅਘਾਤ (ਅ) ਤੇਜ ਧਾਰ (ੲ) ਲਕੜੀ ਨਾਲ (ਸ) ਕੋਈ ਨਹੀਂ

ੳ: (ੳ) ਮੱਧਮ ਅਘਾਤ

ਪ੍ਰ.598: ਉਸਤਾਦ ਬਹਾਦਰ ਦੇ ਮੰਨ ਦੀ ਰੀਝ ਕੀ ਸੀ

(ੳ) ਤਬਲਾ ਉਸਤਾਦ ਬਣਨ ਦੀ (ਅ) ਸਿਤਾਰ ਵਾਦਕ ਬਣਨ ਦੀ

(ੲ) ਵੀਨਾ ਵਾਦਕ ਬਣਨ ਦੀ (ਸ) ਸਰੋਕ ਵਾਦਕ ਬਣਨ ਦੀ

ੳ: (ੳ) ਤਬਲਾ ਉਸਤਾਦ ਬਣਨ ਦੀ

ਪ੍ਰ.599: ਉਸਤਾਦ ਕਾਦਰ ਬਖਸ਼ ਦਾ ਜਨਮ ਕਦੋਂ ਹੋਇਆ।

(ੳ) 1902 (ਅ) 1903 (ੲ) 1904 (ਸ) 1905

ੳ: (ੳ) 1902

ਪ੍ਰ.600: ਉਸਤਾਦ ਕਾਦਰ ਬਖਸ਼ ਕਿਸ ਘਰਾਣੇ ਦੇ ਸਨ।

(ੳ) ਪੰਜਾਬ (ਅ) ਹਰਿਆਣਾ (ੲ) ਦਿੱਲੀ (ਸ) ਆਗਰਾ

ੳ: (ੳ) ਪੰਜਾਬ

ਪ੍ਰ.601: ਉਸਤਾਦ ਕਾਦਰ ਬਖਸ਼ ਦਾ ਜਨਮ ਕਿੱਥੇ ਹੋਇਆ।

(ੳ) ਲਹੌਰ (ਅ) ਪੰਜਾਬ (ੲ) ਦਿੱਲੀ (ਸ) ਆਖਗਾ

ੳ: (ੳ) ਲਹੌਰ

ਪ੍ਰ.602: 1947 ਦੀ ਵੰਡ ਵੇਲੇ ਉਸਤਾਦ ਕਾਦਰ ਬਖਸ਼ ਕਿੱਥੇ ਰਹੇ।

(ੳ) ਲਹੌਰ (ਅ) ਪੰਜਾਬ (ੲ) ਆਗਰਾ (ਸ) ਦਿੱਲੀ

ੳ: (ੳ) ਲਹੌਰ

ਪ੍ਰ.603: ਉਸਤਾਦ ਕਾਦਰ ਬਖਸ਼ ਕਿਹੜੇ ਹੱਥ ਦੇ ਵਾਦਕ ਸਨ।

(ੳ) ਖੱਬੇ (ਅ) ਸੱਜੇ (ੲ) ਦੋਨੋ ਹੱਥਾਂ ਦੇ (ਸ) ਕੋਈ ਨਹੀਂ

ੳ: (ੳ) ਖੱਬੇ

ਪ੍ਰ.604: ਝਪ ਤਾਲ ਦੀ ਪ੍ਰਕਿਰਤੀ ਕਿਹੋ ਜਹੀ ਹੈ?

(ੳ) ਗੰਭੀਰ (ਅ) ਚੰਚਲ (ੲ) ਲੜਾਕੂ (ਸ) ਕੋਈ ਨਹੀਂ

ੳ: (ਅ) ਚੰਚਲ

ਪ੍ਰ.605: ਸੁਰ ਲਿਪੀ ਵਿੱਚ ਮੰਦਰ ਸਪਦਕ ਦੇ ਸਵਰਾਂ ਦੇ ਥੱਲੇ ਕੀ ਲੱਗਦਾ ਹੈ।

(ੳ) ਬਿੰਦੀ (ਅ) ਟਿੱਪੀ (ੲ) ਲਾਇਨ (ਸ) ਕੋਈ ਨਹੀਂ

ੳ: (ੳ) ਬਿੰਦੀ

ਪ੍ਰ.606: ਸੁਰ ਲਿਪੀ ਵਿੱਚ ਤਾਰ ਸਪਤਕ ਦੇ ਸੁਰਾਂ ਲਈ ਸਕਰਾਂ ਦੇ ਉਪਰ ਕੀ ਲੱਗਦਾ ਹੈ।

(ੳ) ਟਿੱਪੀ (ਅ) ਬਿੰਦੀ (ੲ) ਲਾਇਨ (ਸ) ਕੋਈ ਨਹੀਂ

ੳ: (ਅ) ਬਿੰਦੀ

ਪ੍ਰ.607: ਸੁਧ ਸਵਰ ਕਿੰਨੇ ਹਨ।

(ੳ) 5 (ਅ) 4 (ੲ) 9 (ਸ) 7

ਉ: (ਸ) 7

**ਸਹੀ ਮਿਲਾਨ ਕਰੋ:-**

| | | |
|---|---|---|
| 608. | (ੳ) ਸਮ | (ਸ) × |
| | (ਅ) ਚਿੰਨ | (ੲ) 1, 2, 3 |
| | (ੲ) ਖਾਲੀ | (ਅ) ਪਹਿਲੀ ਮਾਤਰਾ |
| | (ਸ) ਤਾਲੀ | (ੳ) 0 |

ਉ: (ੳ)-(ਅ), (ਅ)-(ਸ), (ੲ)-(ੳ), (ਸ)-(ੲ)

| | | |
|---|---|---|
| 609. | (ੳ) ਉਠਾਣ ਦਾ ਅਰਥ | (ਸ) ਠੇਕੇ |
| | (ਅ) ਕਿਹੜੇ ਬੋਲ ਵੱਜਦੇ | (ੲ) ਖੁੱਲੇ |
| | (ੲ) ਕਿਸ ਮਾਤਰਾ ਤੇ ਖਤਮ | (ਅ) ਉਠਣਾ |
| | (ਸ) ਕਿਥੇ ਵਜਾਈ ਜਾਂਦੀ | (ੳ) ਦੁਗਣ |

ਉ: (ੳ)-(ਅ), (ਅ)-(ੲ), (ੲ)-(ੳ), (ਸ)-(ਸ)

| | | |
|---|---|---|
| 610. | (ੳ) ਕਾਇਦੇ ਦੀ ਰਚਨਾ | (ਸ) 2, 3, 5 |
| | (ਅ) ਕਾਇਦਾ ਕਿਹੜੇ ਬੋਲਾ ਵਿੱਚ ਹੁੰਦਾ | (ੲ) ਸ਼ੁਧ |
| | (ੲ) ਕਾਇਦੇ ਦਾ ਅਵਰਤਨ | (ਅ) ਵਿਭਾਗ |
| | (ਸ) ਕਾਇਦੇ ਦੇ ਬੋਲ | (ੳ) ਦੋ |

ਉ: (ੳ)-(ਅ), (ਅ)-(ੲ), (ੲ)-(ੳ), (ਸ)-(ਸ)

| | | |
|---|---|---|
| 611. | (ੳ) ਤਬਲਾ ਦਿੰਦਾ | (ਸ) ਤਾਲ |
| | (ਅ) ਤਬਲਾ ਮਿਲਾਣ ਲਈ | (ੲ) ਸ਼ਸਿਰਵਾਦ |
| | (ੲ) ਤਬਲਾ ਨੂੰ | (ਅ) ਜੋੜੀ |
| | (ਸ) ਤਬਲਾ | (ੳ) ਸਵਰ ਗਿਆਨ |

ਉ: (ੳ)-(ਸ), (ਅ)-(ੳ), (ੲ)-(ਅ), (ਸ)-(ੲ)

| | | |
|---|---|---|
| 612. | (ੳ) ਸੱਜਾ ਤਬਲਾ | (ਸ) ਚੱਟ |
| | (ਅ) ਖੱਬਾ ਤਬਲਾ | (ੲ) ਚਮੜੇ |

| | |
|---|---|
| (ੲ) ਪੁੜੀ | (ਅ) ਡੱਗਾ |
| (ਸ) ਗਜਰਾ | (ੳ) ਬੱਕਰੇ ਦੀ ਖਸ ਤੋਂ |

ੳ: (ੳ)-(ਸ), (ਅ)-(ਅ), (ੲ)-(ੳ), (ਸ)-(ੲ)

| | | |
|---|---|---|
| 613. | (ੳ) ਤਬਲਾ ਵਾਦਕ | (ਸ) ਪਖਾਵਚੀ |
| | (ਅ) ਪਖਾਵਜ | (ੲ) ਕਰਨਾਟਕੀ ਸੰਗੀਤ |
| | (ੲ) ਪਖਾਵਜ ਸਾਜ | (ਅ) ਸੋਲੋ ਵਾਦਕ |
| | (ਸ) ਪਖਾਵਜ ਦਾ ਪ੍ਰਯੋਗ | (ੳ) ਭਾਰਤੀ |

ੳ: (ੳ)-(ਅ), (ਅ)-(ਸ), (ੲ)-(ੳ), (ਸ)-(ੲ)

| | | |
|---|---|---|
| 614. | (ੳ) ਲੈਅ | (ਸ) ਵਿਲੰਬਿਤ ਲੈਅ |
| | (ਅ) ਧੀਮੀ ਚਾਲ | (ੲ) ਮੱਧ ਲੈਅ |
| | (ੲ) ਤੇਜ ਚਾਲ | (ਅ) ਤਿੰਨ |
| | (ਸ) ਸਾਧਾਰਨ-ਚਾਲ | (ੳ) ਦਰੁੱਤ ਲੈਅ |

ੳ: (ੳ)-(ਅ), (ਅ)-(ਸ), (ੲ)-(ੳ), (ਸ)-(ੲ)

| | | |
|---|---|---|
| 615. | (ੳ) ਸ਼ਸਤਰੀ ਨਰਿਤ | (ਸ) ਪਖਾਵਜ ਤਬਲਾ |
| | (ਅ) ਪਖਾਵਜ ਦੀ ਬੋਲ | (ੲ) ਖੁੱਲੇ |
| | (ੲ) ਤਬਲੇ ਦੀ ਬੋਲ ਪੁੜੀ | (ਅ) ਬੰਦ |
| | (ਸ) ਪਖਾਵਜ | (ੳ) ਦੱਖਣੀ ਸਾਜ |

ੳ: (ੳ)-(ਸ), (ਅ)-(ੲ), (ੲ)-(ਅ), (ਸ)-(ੳ)

| | | |
|---|---|---|
| 616. | (ੳ) ਪਖਾਵਜ ਦੀ ਸ਼ਕਲ | (ਸ) ਛੋਟਾ |
| | (ਅ) ਪਖਾਵਜ ਦਾ ਸੱਜਾ ਪਾਸਾ | (ੲ) ਵੱਡਾ |
| | (ੲ) ਖੱਭਾ ਪਾਸਾ | (ਅ) ਦੋ |
| | (ਸ) ਪਖਾਵਜ ਦੇ ਹਿੱਸੇ | (ੳ) ਢੋਲਕ |

ੳ: (ੳ)-(ੳ), (ਅ)-(ਸ), (ੲ)-(ੲ), (ਸ)-(ਅ)

| | | |
|---|---|---|
| 617. | (ੳ) ਨਗਮਾ | (ਸ) ਕਾਇਦਾ |
| | (ਅ) ਵੱਖ-ਵੱਖ ਬੋਲਾ ਤੋਂ | (ੲ) ਵਿਭਾਗ |

| | | |
|---|---|---|
| | (ੲ) ਪਲਟਾ | (ਅ) ਗੀਤ (ਲਹਿਰਾ) |
| | (ਸ) ਕਾਇਦੇ ਦੀ ਰਚਨਾ | (ੳ) ਉਲਟਾ |

ਉ: (ੳ)-(ਅ), (ਅ)-(ਸ), (ੲ)-(ੳ), (ਸ)-(ੲ)

| | | |
|---|---|---|
| 618. | (ੳ) ਸ਼ੁਧ ਸਵਰ | (ਸ) ਮੇ |
| | (ਅ) ਕੋਮਲ ਸਵਰ | (ੲ) ਰੁੰ ਗੁ ਧੁ ਨੀ |
| | (ੲ) ਤੀਵਰ ਸਵਰ | (ਅ) ਸ ਰੇ ਗ...... |
| | (ਸ) ਵਿਕਰਿਤ ਸਵਰ | (ੳ) 12 |

ਉ: (ੳ)-(ੳ), (ਅ)-(ਅ), (ੲ)-(ੲ), (ਸ)-(ਸ)

| | | |
|---|---|---|
| 619. | (ੳ) ਸ਼ੁਧ ਸਵਰ | (ਸ) ਸ |
| | (ਅ) ਤੀਵਰ | (ੲ) I |
| | (ੲ) ਕੋਮਲ | (ਅ) 4 |
| | (ਸ) ਵਿਕਰਿਤ | (ੳ) 7 |

ਉ: (ੳ)-(ੳ), (ਅ)-(ਅ), (ੲ)-(ੲ), (ਸ)-(ਸ)

| | | |
|---|---|---|
| 620. | (ੳ) ਤਿੰਨ ਤਾਲ | (ੲ) 10 |
| | (ਅ) ਝਪ ਤਾਲ | (ਅ) 16 |
| | (ੲ) ਇਕ ਤਾਲ | (ੳ) 12 |

ਉ: (ੳ)-(ਅ), (ਅ)-(ੲ), (ੲ)-(ੳ)

| | | |
|---|---|---|
| 621. | (ੳ) ਸਵਰ ਲਿਪੀ ਵਿੱਚ ਸਮ | (ਸ) u |
| | (ਅ) ਖਾਲੀ | (ੲ) । |
| | (ੲ) ਵਿਭਾਗ | (ਅ) × |
| | (ਸ) ਦੋ ਸ਼ਬਦ | (ੳ) 0 |

ਉ: (ੳ)-(ਅ), (ਅ)-(ੳ), (ੲ)-(ੲ), (ਸ)-(ਸ)

| | | |
|---|---|---|
| 622. | (ੳ) ਤਿੰਨ ਤਾਲ ਤਾਲੀ | (ੲ) 3 |
| | (ਅ) ਝਪ ਤਾਲ | (ਅ) 3 |
| | (ੲ) ਇੱਕ ਤਾਲ | (ੳ) 4 |

ਉ: (ੳ)-(ਅ), (ਅ)-(ੲ), (ੲ)-(ੳ)

623. (ੳ) ਤਿੰਨ ਤਾਲ ਖਾਲੀ (ੲ) 3, 7

(ਅ) ਝਪ ਤਾਲ ਖਾਲੀ (ਅ) 6

(ੲ) ਇੱਕ ਤਾਲ ਖਾਲੀ (ੳ) 9

ਉ: (ੳ)-(ੳ), (ਅ)-(ਅ), (ੲ)-(ੲ)

624. (ੳ) ਤਿੰਨ ਤਾਲ ਵਿਭਾਗ (ੲ) 4

(ਅ) ਝਪਤਾਲ ਦੇ ਵਿਭਾਗ (ਅ) 4

(ੲ) ਇੱਕ ਤਾਲ ਦੇ ਵਿਭਾਗ (ੳ) 6

ਉ: (ੳ)-(ਅ), (ਅ)-(ੲ), (ੲ)-(ੳ)

625. (ੳ) ਉਸਤਾਦ ਬਹਾਰ ਸਿੰਘ ਦਾ ਜਨਮ (ੲ) ਅੰਮ੍ਰਿਤਸਰ

(ਅ) ਮੁੱਢਲੀ ਸਿੱਖਿਆ (ਅ) 1902

(ੲ) ਤਬਲੇ ਦੇ ਨਾਲ (ੳ) ਕੀਰਤਨ

(ਸ) ਸ਼ਗਿਰਦ ਦਾ ਨਾਂ (ਸ) ਰਣਜੀਤ ਸਿੰਘ

ਉ: (ੳ)-(ਅ), (ਅ)-(ੲ), (ੲ)-(ੳ), (ਸ)-(ਸ)

626. (ੳ) ਉਸਤਾਦ ਕਾਦਰ ਬਖਸ (ਸ) ਪੰਜਾਬ

(ਅ) ਸ਼ਹਿਰ (ੲ) 1902

(ੲ) ਸ਼ਾਜ (ਅ) ਲਾਹੌਰ

(ਸ) ਘਰਾਣਾ (ੳ) ਤਬਲਾ

ਉ: (ੳ)-(ੲ), (ਅ)-(ਅ), (ੲ)-(ੳ), (ਸ)-(ਸ)

627. (ੳ) ਨਗਮਾ (ੲ) ਫਾਰਸੀ

(ਅ) ਉਠਾਣ (ਅ) ਇੱਕ ਆਵਰਤਨ

(ੲ) ਨਗਮਾ (ਸ਼ਬਦ) (ੳ) ਇੱਕ ਜਾਂ ਦੋ ਆਵਰਤਨ

(ਸ) ਉਠਾਣ (ਸ) ਤਬਲਾ, ਪਖਾਵਜ

ਉ: (ੳ)-(ਅ), (ਅ)-(ੳ), (ੲ)-(ੲ), (ਸ)-(ਸ)

**ਛੋਟੇ ਪ੍ਰਸ਼ਨ (1 ਤੋਂ 2 ਵਾਕਾਂ, 5 ਤੋਂ 8 ਲਾਈਨਾਂ ਵਾਲੇ ਪ੍ਰਸ਼ਨ)**

**ਪ੍ਰਸ਼ਨ 628: ਸਮ ਕਿਸਨੂੰ ਕਹਿੰਦੇ ਹਨ?**

**ਪ੍ਰਸ਼ਨ 629: ਨਗਮਾ ਕਿਸ ਨੂੰ ਕਹਿੰਦੇ ਹਨ?**

ਪ੍ਰਸ਼ਨ 630: ਉਠਾਣ ਕਿਸ ਨੂੰ ਕਹਿੰਦੇ ਹਨ?

ਪ੍ਰਸ਼ਨ 631: ਕਾਇਦਾ ਕਿਸ ਨੂੰ ਕਹਿੰਦੇ ਹਨ?

ਪ੍ਰਸ਼ਨ 632: ਸੱਜੇ ਤਬਲੇ ਬਾਰੇ ਸੰਖੇਪ ਨੋਟ ਲਿਖੋ?

ਪ੍ਰਸ਼ਨ 633: ਚਾਟੀ ਜਾਂ ਕਿਨਾਰ ਕਿਸ ਨੂੰ ਕਹਿੰਦੇ ਹਨ?

ਪ੍ਰਸ਼ਨ 634: ਲਵ ਜਾ ਮੈਦਾਨ ਕਿਸ ਨੂੰ ਕਹਿੰਦੇ ਹਨ?

ਪ੍ਰਸ਼ਨ 635: ਗਜ਼ਰਾ ਕਿਸ ਨੂੰ ਕਹਿੰਦੇ ਹਨ?

ਪ੍ਰਸ਼ਨ 636: ਸਿਆਹੀ ਕਿਸ ਨੂੰ ਕਹਿੰਦੇ ਹਨ?

ਪ੍ਰਸ਼ਨ 637: ਗੱਟਿਆਂ ਤੇ ਸੰਖੇਪ ਨੋਟ ਲਿਖੋ।

ਪ੍ਰਸ਼ਨ 638: ਇੰਡਰੀ ਜਾ ਗੁਡਰੀ ਕੀ ਹੈ?

ਪ੍ਰਸ਼ਨ 639: ਖੱਬੇ ਤਬਲੇ ਬਾਰੇ ਲਿਖੋ?

ਪ੍ਰਸ਼ਨ 640: ਪੁੜੀ ਕਿਸ ਨੂੰ ਕਹਿੰਦੇ ਹਨ?

ਪ੍ਰਸ਼ਨ 641: ਪਖਾਵਜ ਤੇ ਸੰਖੇਪ ਨੋਟ ਦਿਉ।

ਪ੍ਰਸ਼ਨ 642: ਲੈਅ ਕਿਸ ਨੂੰ ਕਹਿੰਦੇ ਹਨ?

ਪ੍ਰਸ਼ਨ 643: ਵਿਲੰਬਿਤ ਲੈਅ ਕਿਸ ਨੂੰ ਕਹਿੰਦੇ ਹਨ?

ਪ੍ਰਸ਼ਨ 644: ਮੱਧ ਲੈਅ ਕੀ ਹੈ?

ਪ੍ਰਸ਼ਨ 645: ਦਰੁੱਤ ਲੈਅ ਕੀ ਹੈ?

ਪ੍ਰਸ਼ਨ 646: ਝੱਪ ਤਾਲ ਤੇ ਸੰਖੇਪ ਨੋਟ ਲਿਖੋ।

ਪ੍ਰਸ਼ਨ 647: ਝੱਪ ਤਾਲ ਦੀ ਠਾਹ (ਇੱਕ ਗੁਣ) ਲੈਅਕਾਰੀ ਲਿਖੋ।

ਪ੍ਰਸ਼ਨ 648: ਇਕ ਤਾਲ ਤੇ ਸੰਖੇਪ ਨੋਟ ਲਿਖੋ?

ਪ੍ਰਸ਼ਨ 649: ਇਕ ਤਾਲ ਦੀ ਠਾਹ (ਇਕ ਗੁਣ) ਲੈਅਕਾਰੀ ਲਿਖੋ।

ਪ੍ਰਸ਼ਨ 650 : ਤਿੰਨ ਤਾਲ ਦਾ ਪਰਿਚੈ ਲਿਖੋ?

ਪ੍ਰਸ਼ਨ 651: ਤਿੰਨ ਤਾਲ ਦੀ ਠਾਹ (ਇਕ ਗੁਣ) ਲੈਅਕਾਰੀ ਲਿਖੋ।